ਪੰਜਾਬ ਸਰਕਾਰ/ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਆਦੇਸ਼ਾਂ ਅਤੇ ਨਿਰਦੇਸ਼ਾਂ ਅਨੁਸਾਰ ਦਾਖ਼ਲਾ ਲੈਣ ਵਾਲੇ ਵਿਦਿਆਰਥੀਆਂ ਲਈ ਰਾਖ਼ਵੀਆਂ ਸੀਟਾਂ ਦਾ ਵੇਰਵਾ ਇਸ ਪ੍ਰਕਾਰ ਹੈ। ਇਸ ਵਿੱਚ ਹੋਣ ਵਾਲੀ ਕੋਈ ਵੀ ਤਬਦੀਲੀ ਪੰਜਾਬ ਸਰਕਾਰ/ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀਆਂ ਹਦਾਇਤਾਂ ਅਨੁਸਾਰ ਮੰਨਣਯੋਗ ਹੋਵੇਗੀ:-

| **ਲੜੀ ਨੰਬਰ** | **ਕੈਟਾਗਰੀ** | **ਪ੍ਰਤੀਸ਼ਤ** |
|---|---|---|
| 1. | ਜਨਰਲ | 52% |
| 2. | ਅਨੁਸੂਚਿਤ ਜਾਤੀ | 20% |
| 3. | ਬੀ ਸੀ | 8% |
| 4. | ਐਕਸ ਸਰਵਿਸਮੈਨ/ਐਕਸ ਸਰਵਿਸਮੈਨ ਡਪੈਂਡੈਂਟ/ਜਨਰਲ | 7% |
| | ਐਕਸ ਸਰਵਿਸਮੈਨ/ਐਕਸ ਸਰਵਿਸਮੈਨ ਡਪੈਂਡੈਂਟ/ਐੱਸ.ਸੀ. | 4% |
| | ਐਕਸ ਸਰਵਿਸਮੈਨ/ਐਕਸ ਸਰਵਿਸਮੈਨ ਡਪੈਂਡੈਂਟ/ਬੀ.ਸੀ. | 2% |
| 5. | ਫਰੀਡਮ ਫਾਈਟਰ | 1% |
| 6. | ਦਿਵਿਆਂਗ | 3% |
| 7. | ਸਪੋਰਟਸ (ਜਨਰਲ) | 2% |
| | ਸਪੋਰਟਸ (ਐੱਸ.ਸੀ.) | 1% |

ਇਨ੍ਹਾਂ ਕੈਟਾਗਰੀਆਂ ਦੀ ਅੱਗੇ ਵੰਡ ਲਈ ਵੇਖੋ ਪੱਤਰ ਨੰਬਰ HED-EDU10M.L/16/2021-3edu-PART(1)/1824 ਮਿਤੀ 17.08.21

## ONLINE ADMISSION SCHEDULE :

### UG Schedule

| Sr. No. | Title | Date/Timelines |
|---|---|---|
| 1 | Start date of submission of online admission forms at centralized portal | 15th May, 2023 |
| 2 | End date of submission of online admission forms at centralized portal | 25th June, 2023 |
| 3 | Online Document Verification | 26th June, 2023 - 28th June 2023 |
| 4 | Preparation of Merit List | 29-30 June,2023 |
| 5 | Display of Provisional Merit Lists | 1st July, 2023 |
| 6 | Removal of objections in the provisional Merit Lists | 2-3 July, 2023 |
| 7 | Display of Final Merit List | 5th July, 2023 |
| 8 | Counseling and First Round of Admission | 6 - 9 July 2023 |
| 9 | Last date for students to deposit Fee | 10th July, 2023 |
| 10 | Commencement of online open counseling | 11th July, 2023 |
| 11 | Last date of UG online Open Counseling | 14th July, 2023 |
| 12 | Commencement of UG Classes | 15th July, 2023 |

### PG Schedule

| Sr. No. | Title | Date/Timelines |
|---|---|---|
| 1 | Start date of submission of online admission forms at centralized portal | 15th July, 2023 |
| 2 | End date of submission of online admission forms at centralized portal | 25th July, 2023 |
| 3 | Online Document Verification | 26th July, 2023 - 29th July 2023 |
| 4 | Preparation of Merit List | 30 July-1 Aug 2023 |
| 5 | Display of Provisional Merit Lists | 2nd Aug., 2023 |
| 6 | Removal of objections in the provisional Merit Lists | 3-4 Aug., 2023 |
| 7 | Display of Final Merit List | 5th Aug., 2023 |
| 8 | Counseling and First Round of Admission | 6 - 7 Aug., 2023 |
| 9 | Last date for students to deposit Fee | 8th Aug., 2023 |
| 10 | Commencement of online open counseling | 10th Aug., 2023 |
| 11 | Last date of PG Open Counseling | 14th Aug., 2023 |
| 12 | Commencement of PG Classes | 15th July, 2023 |

# ਦਾਖ਼ਲੇ ਸਬੰਧੀ ਜ਼ਰੂਰੀ ਹਦਾਇਤਾਂ

- ਬੀ.ਏ-1, ਬੀ.ਕਾਮ-1, ਬੀ. ਐੱਸ ਸੀ-1, ਬੀ ਸੀ.ਏ-1, ਪੀ. ਜੀ.ਡੀ ਸੀ.ਏ-1, ਐੱਮ. ਐੱਸ ਸੀ.-1 ਅਤੇ ਐੱਮ ਏ-1 (ਸਮੈਸਟਰ ਪ੍ਰਣਾਲੀ) ਦੀਆਂ ਸਾਰੀਆਂ ਮੁੱਢਲੀਆਂ ਕਲਾਸਾਂ ਵਿੱਚ ਦਾਖ਼ਲੇ ਲਈ ਉਮੀਦਵਾਰ ਪੰਜਾਬ ਸਰਕਾਰ ਦੀ ਵੈੱਬਸਾਈਟ http://admission.punjab.gov.in ਤੇ ਅਪਲਾਈ ਕਰਨਗੇ। ਰਾਖਵੇਂਕਰਨ ਸਬੰਧੀ ਰਿਜ਼ਰਵੇਸ਼ਨ ਪਾਲਿਸੀ* ਨੂੰ ਪੜ੍ਹ ਲਿਆ ਜਾਵੇ।
- ਆਨ ਲਾਈਨ ਅਪਲਾਈ ਕਰਨ ਉਪਰੰਤ ਉਮੀਦਵਾਰ ਦੁਆਰਾ ਦਿੱਤੇ ਨੰਬਰ ਤੇ ਲਾਗ-ਇਨ ਆਈ ਡੀ ਅਤੇ ਪਾਸਵਰਡ ਉਪਲਬਧ ਹੋ ਜਾਵੇਗਾ। ਇਸਨੂੰ ਸੁਰੱਖਿਅਤ ਅਤੇ ਗੁਪਤ ਰੱਖੋ। ਇਹ ਲਾਗ-ਇਨ ਆਈ ਡੀ ਅਤੇ ਪਾਸਵਰਡ ਦਾਖ਼ਲਾ ਫ਼ਾਰਮ ਭਰਨ ਦੀ ਸਾਰੀ ਅਗਲੀ ਪ੍ਰਕ੍ਰਿਆ ਲਈ ਅਤੇ ਆਉਣ ਵਾਲੇ ਸਾਰੇ ਸਾਲਾਂ ਲਈ ਤੁਹਾਨੂੰ ਅਤਿ-ਜ਼ਰੂਰੀ ਅਤੇ ਲੋੜੀਂਦਾ ਹੈ। ਫ਼ਾਰਮ ਭਰਨ ਸਮੇਂ ਦਿੱਤਾ ਗਿਆ ਮੋਬਾਇਲ ਨੰਬਰ ਅਤੇ ਈ.ਮੇਲ ਆਈ ਡੀ ਉਮੀਦਵਾਰ ਦਾ ਆਪਣਾ ਹੋਵੇ ਅਤੇ ਇਹ ਨੰਬਰ ਅਤੇ ਆਈ ਡੀ ਜਦੋਂ ਤੱਕ ਪੜ੍ਹਾਈ ਜਾਰੀ ਰੱਖੋਗੇ, ਚੱਲਦਾ ਰਹਿਣਾ ਚਾਹੀਦਾ ਹੈ।
- ਫ਼ਾਰਮ ਭਰਨ ਤੋਂ ਪਹਿਲਾਂ ਕਾਲਜ / ਪੰਜਾਬ ਸਰਕਾਰ ਦੇ ਪੋਰਟਲ ਤੇ ਹਦਾਇਤਾਂ ਬਹੁਤ ਧਿਆਨ ਨਾਲ ਪੜ੍ਹੀਆਂ ਜਾਣ ਅਤੇ ਕਾਲਜ ਦਾ ਪ੍ਰਾਸਪੈਕਟ ਚੰਗੀ ਤਰ੍ਹਾਂ ਪੜ੍ਹਿਆ ਜਾਵੇ।
- ਦਾਖ਼ਲਾ ਲੈਣ ਲਈ ਅਪਲੋਡ ਕਰਨ ਵਾਲੇ ਦਸਤਾਵੇਜ਼ਾਂ ਦੀ ਸੂਚੀ
  - (1) ਮੈਟ੍ਰਿਕ ਦੇ ਸਰਟੀਫਿਕੇਟ ਦੀ ਕਾਪੀ
  - (2) 10+2 ਦੇ ਡਿਟੇਲ ਮਾਰਕਸ ਸਰਟੀਫਿਕੇਟ ਦੀ ਕਾਪੀ
  - (3) ਮਾਈਗ੍ਰੇਸ਼ਨ ਸਰਟੀਫਿਕੇਟ (ਸਿਰਫ ਸੀ. ਬੀ. ਐੱਸ. ਈ. ਅਤੇ ਬਾਹਰਲੇ ਬੋਰਡਾਂ ਦੇ ਲਈ)
  - (4) ਉਮੀਦਵਾਰ ਦੇ ਆਧਾਰ ਕਾਰਡ ਦੀ ਕਾਪੀ
  - (5) ਉਮੀਦਵਾਰ ਦੇ ਵੋਟਰ ਕਾਰਡ ਦੀ ਕਾਪੀ
  - (6) ਪਿਛਲੇ ਸਕੂਲ ਮੁਖੀ ਤੋਂ ਜਾਰੀ ਆਚਰਣ ਸਰਟੀਫਿਕੇਟ ( ਰੈਗੂਲਰ ਵਿਦਿਆਰਥੀਆਂ ਲਈ)
  - (7) ਪਿੰਡ ਦੇ ਸਰਪੰਚ ਜਾਂ ਐੱਮ ਸੀ ਤੋਂ ਜਾਰੀ ਆਚਰਣ ਸਰਟੀਫਿਕੇਟ (ਪ੍ਰਾਈਵੇਟ ਲਈ)
  - (8) ਰਿਜ਼ਰਵੇਸ਼ਨ ਦਾ ਲਾਭ ਲੈਣ ਲਈ ਸਬੰਧਿਤ ਕੈਟਾਗਰੀ ਦੇ ਸਰਟੀਫਿਕੇਟ ਦੀ ਕਾਪੀ
  - (9) ਸਪੋਰਟਸ ਕੈਟਾਗਰੀ ਲਈ ਡਾਇਰੈਕਟਰ ਸਪੋਰਟਸ ਵੱਲੋਂ ਜਾਰੀ ਗ੍ਰੇਡੇਸ਼ਨ ਸਰਟੀਫਿਕੇਟ
  - (10) ਉਮੀਦਵਾਰ ਦੇ ਆਧਾਰ-ਲਿੰਕਡ ਬੈਂਕ ਅਕਾਊਂਟ ਦੇ ਪਹਿਲੇ ਪੇਜ ਦੀ ਕਾਪੀ
- ਅਪਲੋਡ ਕੀਤੇ ਦਸਤਾਵੇਜ ਸਾਫ਼, ਸਪੱਸ਼ਟ ਅਤੇ ਪੂਰੇ ਸਕੈਨ ਕੀਤੇ ਹੋਣੇ ਚਾਹੀਦੇ ਹਨ।
- ਉਮੀਦਵਾਰ/ ਮਾਪਿਆਂ/ ਸਰਪ੍ਰਸਤ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਪਾਤਰਤਾ (Eligibility) ਬਾਰੇ ਪਹਿਲਾਂ ਹੀ ਦਫ਼ਤਰ ਤੋਂ ਪੁੱਛ-ਗਿੱਛ ਕਰਕੇ ਪੂਰੀ ਜਾਣਕਾਰੀ ਪ੍ਰਾਪਤ ਕਰ ਲੈਣ ਤਾਂ ਜੋ ਬਾਅਦ ਵਿੱਚ ਦਾਖ਼ਲੇ ਤੋਂ ਨਕਾਰਨ ਅਤੇ ਹੋਰ ਦਿੱਕਤਾਂ ਤੋਂ ਬਚਿਆ ਜਾ ਸਕੇ।
- ਸਾਰੇ ਦਾਖ਼ਲੇ ਆਰਜ਼ੀ ਰੂਪ ਵਿੱਚ ਕੀਤੇ ਜਾਣਗੇ ਜੋ ਕਿ ਯੂਨੀਵਰਸਿਟੀ ਵੱਲੋਂ ਅੰਤਿਮ ਪ੍ਰਵਾਨਗੀ ਮਿਲਣ ਤੇ ਹੀ ਪੱਕੇ ਹੋਣਗੇ।
- ਜੇਕਰ ਯੂਨੀਵਰਸਿਟੀ ਕਿਸੇ ਵਿਦਿਆਰਥੀ ਦੇ ਦਾਖ਼ਲੇ ਦੀ ਪ੍ਰਵਾਨਗੀ ਨਹੀਂ ਭੇਜਦੀ ਤਾਂ ਭਾਵੇਂ ਪ੍ਰਵਾਨਗੀ ਨਾ ਮਿਲਣ ਦਾ ਕਾਰਨ ਕੋਈ ਵੀ ਹੋਵੇ, ਇਸ ਕਾਲਜ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।
- ਜਿਨ੍ਹਾਂ ਵਿਦਿਆਰਥੀਆਂ ਨੇ 10+2 ਦੀ ਪ੍ਰੀਖਿਆ ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ, ਬੋਰਡ ਆਫ਼ ਸਕੂਲ ਐਜੂਕੇਸ਼ਨ ਹਰਿਆਣਾ, ਹਿਮਾਚਲ ਪ੍ਰਦੇਸ਼ ਬੋਰਡ ਆਫ਼ ਸਕੂਲ ਐਜੂਕੇਸ਼ਨ, ਸੀ. ਬੀ. ਐੱਸ. ਈ ਬੋਰਡ ਅਤੇ ਆਈ. ਸੀ. ਐੱਸ. ਸੀ. ਬੋਰਡਾਂ ਤੋਂ ਪਾਸ ਕੀਤੀ ਹੈ, ਨੂੰ ਛੱਡ ਕੇ ਦੂਜੇ ਰਾਜਾਂ ਤੋਂ 10+2 ਅਤੇ ਗ੍ਰੈਜੂਏਸ਼ਨ ਦੀ ਪ੍ਰੀਖਿਆ ਪਾਸ ਕਰਨ ਵਾਲੇ ਉਮੀਦਵਾਰ ਲਈ ਦਾਖ਼ਲਾ ਲੈਣ ਤੋਂ ਪਹਿਲਾਂ ਪੰਜਾਬੀ ਯੂਨੀਵਰਸਿਟੀ ਦੀ ਰਜਿਸਟਰੇਸ਼ਨ ਬ੍ਰਾਂਚ ਤੋਂ ਪਾਤਰਤਾ ਸਰਟੀਫ਼ਿਕੇਟ( Eligibility Certificate) ਪ੍ਰਾਪਤ ਕਰਨਾ ਲਾਜ਼ਮੀ ਹੋਵੇਗਾ। ਪਾਤਰਤਾ ਸਰਟੀਫ਼ਿਕੇਟ ਲਏ ਬਿਨ੍ਹਾਂ ਕੀਤੇ ਗਏ ਦਾਖ਼ਲਿਆਂ ਦੀ ਪ੍ਰਵਾਨਗੀ ਯੂਨੀਵਰਸਿਟੀ ਵੱਲੋਂ ਕਿਸੇ ਵੀ ਸੂਰਤ ਵਿੱਚ ਨਹੀਂ ਦਿੱਤੀ ਜਾਵੇਗੀ।
- ਜਿਹੜੇ ਵਿਦਿਆਰਥੀ ਪਿਛਲੀ ਪ੍ਰੀਖਿਆ ਸੀ. ਬੀ. ਐੱਸ. ਈ., ਜਾਂ ਬਾਹਰਲੇ ਰਾਜਾਂ ਦੇ ਬੋਰਡ/ਯੂਨੀਵਰਸਿਟੀ ਤੋਂ ਪਾਸ ਕਰਨ ਉਪਰੰਤ ਇਸ ਕਾਲਜ ਵਿੱਚ ਨਵਾਂ ਦਾਖ਼ਲਾ ਲੈਂਦੇ ਹਨ ਉਹ ਵਿਦਿਅਰਥੀ ਆਪਣੇ ਸਬੰਧਤ ਬੋਰਡ /ਯੂਨੀਵਰਸਿਟੀ ਦਾ ਅਸਲ ਮਾਈਗ੍ਰੇਸ਼ਨ ਸਰਟੀਫ਼ਿਕੇਟ ਅਤੇ ਅਸਲ ਡਿਟੇਲ ਮਾਰਕਸ ਕਾਰਡ ਦਾਖਲਾ ਲੈਣ ਸਮੇਂ ਜਮ੍ਹਾਂ ਕਰਵਾਉਣਗੇ। ਇਹ ਅਸਲ ਦਸਤਾਵੇਜ ਯੂਨੀਵਰਸਿਟੀ ਨੂੰ ਰਜਿਸਟ੍ਰੇਸ਼ਨ ਹਿਤ ਭੇਜੇ ਜਾਣਗੇ। ਯੂਨੀਵਰਸਿਟੀ ਤੋਂ ਵਾਪਸ ਆਉਣ ਤੋਂ ਬਾਅਦ ਕਾਲਜ ਤੋਂ ਆਪਣੇ ਦਸਤਾਵੇਜ਼ ਪ੍ਰਾਪਤ ਕਰਨ ਦੀ ਜ਼ਿੰਮੇਵਾਰੀ ਵਿਦਿਆਰਥੀ ਦੀ ਹੈ। ਇਸ ਲਈ ਕਾਲਜ ਦਫ਼ਤਰ ਨਾਲ ਸੰਪਰਕ ਰੱਖਿਆ ਜਾਵੇ।

- ਜਿਹੜੇ ਵਿਦਿਆਰਥੀ ਪਿਛਲੀ ਪ੍ਰੀਖਿਆ ਬਾਹਰਲੇ ਰਾਜਾਂ ਦੇ ਬੋਰਡ/ ਯੂਨੀਵਰਸਿਟੀ ਤੋਂ ਪਾਸ ਕਰਨ ਉਪਰੰਤ ਦਾਖ਼ਲਾ ਲੈਂਦੇ ਹਨ ਅਜਿਹੇ ਵਿਦਿਆਰਥੀਆਂ ਦਾ ਦਾਖ਼ਲਾ ਉਦੋਂ ਤੱਕ ਆਰਜ਼ੀ ਰਹੇਗਾ ਜਦੋਂ ਤੱਕ ਉਨ੍ਹਾਂ ਦੇ ਸਬੰਧਤ ਬੋਰਡ/ ਯੂਨੀਵਰਸਿਟੀ ਵੱਲੋਂ ਅਸਲ ਦਸਤਾਵੇਜ਼ ਵੈਰੀਫਾਈ ਹੋ ਕੇ ਨਹੀਂ ਆਉਂਦੇ।
- ਸਬੰਧਿਤ ਜਮਾਤ ਲਈ ਯੂਨੀਵਰਸਿਟੀ ਦੁਆਰਾ ਨਿਰਧਾਰਿਤ ਸਿਲੇਬਸ ਵਿੱਚ ਦਰਜ ਸਾਰੇ ਨਿਯਮਾਂ / ਸ਼ਰਤਾਂ ਨੂੰ ਪੂਰਾ ਕਰਨ ਦੀ ਜ਼ਿੰਮੇਵਾਰੀ ਵਿਦਿਆਰਥੀ ਦੀ ਆਪਣੀ ਹੋਵੇਗੀ।
- ਸਾਰੀਆਂ ਕਲਾਸਾਂ ਦੇ ਦਾਖ਼ਲੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਜਾਰੀ ਆਰਡੀਨੈਂਸਾਂ ਅਨੁਸਾਰ ਹੋਣਗੇ।
- ਗੈਪ ਅਤੇ ਫੇਲ੍ਹ ਵਿਦਿਆਰਥੀਆਂ ਨੂੰ ਦਾਖ਼ਲਾ ਯੂਨੀਵਰਸਿਟੀ ਨਿਯਮਾਂ ਅਤੇ ਹਲਫੀਆ ਬਿਆਨ ਦੇ ਆਧਾਰ ਤੇ ਦਿੱਤਾ ਜਾਵੇਗਾ। ਇਸ ਸਬੰਧੀ ਝੂਠੇ ਹਲਫੀਆਂ ਬਿਆਨ ਦੇ ਆਧਾਰ ਤੇ ਲਿਆ ਗਿਆ ਦਾਖ਼ਲਾ ਰੱਦ ਕਰ ਦਿੱਤਾ ਜਾਵੇਗਾ ਅਤੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।
- ਮਾਣਯੋਗ ਸੁਪਰੀਮ ਕੋਰਟ ਦੇ ਹੁਕਮਾਂ ਅਨੁਸਾਰ ਰੈਗਿੰਗ ਕਰਨਾ ਜਾਂ ਉਸ ਵਿੱਚ ਭਾਗ ਲੈਣਾ ਕਾਨੂੰਨੀ ਜ਼ੁਰਮ ਹੈ। ਕਾਲਜ ਵਿੱਚ ਨਵਾਂ ਦਾਖ਼ਲਾ ਲੈਣ ਵਾਲੇ ਵਿਦਿਆਰਥੀਆਂ ਵੱਲੋਂ ਵੈੱਬਸਾਈਟ www.antiragging.in ਉੱਤੇ ਆਨਲਾਈਨ ਹਲਫਨਾਮਾ ਅਪਲਾਈ ਕਰਨਾ ਅਤੇ ਇਸ ਹਲਫ਼ਨਾਮੇ ਦੀ ਕਾਪੀ ਆਪਣੇ ਅਤੇ ਆਪਣੇ ਮਾਤਾ/ਪਿਤਾ ਦੇ ਹਸਤਾਖ਼ਰਾਂ ਸਹਿਤ ਕਾਲਜ ਵਿੱਚ ਜਮ੍ਹਾਂ ਕਰਵਾਉਣੀ ਲਾਜ਼ਮੀ ਹੈ। ਇਸ ਤੋਂ ਬਿਨ੍ਹਾਂ ਵਿਦਿਆਰਥੀ ਦਾ ਦਾਖ਼ਲਾ ਪੂਰਨ ਨਹੀਂ ਮੰਨਿਆ ਜਾਵੇਗਾ।

## ਸਾਲ 2023-24 ਦੌਰਾਨ ਲਏ ਜਾਣ ਵਾਲੇ ਫੰਡ ਅਤੇ ਫੀਸਾਂ

**ਫ਼ੀਸਾਂ ਦਾ ਵੇਰਵਾ**

| | |
|---|---|
| • ਦਾਖ਼ਲਾ ਫੀਸ | 10.00 |
| • ਟਿਊਸ਼ਨ ਫ਼ੀਸ (ਕੇਵਲ ਲੜਕਿਆਂ ਲਈ) | 144.00 (ਗ੍ਰੈਜੂਏਟ) |
| | 180.00 (ਪੋਸਟ-ਗ੍ਰੈਜੂਏਟ) |

**ਯੂਨੀਵਰਸਿਟੀ ਫ਼ੀਸਾਂ:**

| | |
|---|---|
| • ਯੂਨੀਵਰਸਿਟੀ ਰਜਿਸਟਰੇਸ਼ਨ ਫੀਸ (ਨਵੇਂ ਰਜਿਸਟਰਡ ਹੋਣ ਵਾਲੇ ਵਿਦਿਆਰਥੀਆਂ ਲਈ) | 880.00 |
| • ਨਿਰੰਤਰਤਾ ਫ਼ੀਸ (ਪਹਿਲਾਂ ਰਜਿਸਟਰਡ ਵਿਦਿਆਰਥੀਆਂ ਲਈ ) | 330.00 |
| • ਬਲਾਕ ਐਂਟਰੀ ਫ਼ੀਸ | 60.00 |
| • ਕਾਲਜ ਡਿਵੈਲਪਮੈਂਟ ਫੰਡ (CDF) | 140.00 |
| • ਯੂਨੀਵਰਸਿਟੀ ਪ੍ਰੀਖਿਆ ਫ਼ੀਸ (ਦੋ ਸਮੈਸਟਰ) - | 3200.00 |
| • ਯੂਨੀਵਰਸਿਟੀ ਪ੍ਰੀਖਿਆ ਫ਼ਾਰਮ ਫ਼ੀਸ | 240.00 |
| • ਇਨਫਰਾਸਟਰਕਚਰ ਫੰਡ | 110.00 |
| • ਐਨ.ਐਸ.ਐਸ. | 90:00 |
| • ਪੰਜਾਬੀ ਭਾਸ਼ਾ ਵਿਕਾਸ ਫੰਡ | 90.00 |
| • ਸਪੋਰਟਸ ਡਿਵੈਲਪਮੈਂਟ ਫ਼ੀਸ | 30.00 |
| • ਯੂਨੀਵਰਸਿਟੀ ਸਪੋਰਟਸ ਫ਼ੀਸ | 550.00 |
| • ਸਪੋਰਟਸ ਇਨਫਰਾਸਟਰਕਚਰ ਡਿਵੈਲਪਮੈਂਟ ਫ਼ੀਸ | 220.00 |
| • ਸਪੋਰਟਸ ਵਿੰਗ ਫ਼ੀਸ | 110.00 |
| • ਯੁਵਕ ਭਲਾਈ ਫ਼ੀਸ | 110:00 |
| • ਪ੍ਰੈਕਟੀਕਲ ਪ੍ਰੀਖਿਆ ਫ਼ੀਸ | 1100.00 |

- ਸਪੋਰਟਸ ਹੋਸਟਲ ਫ਼ੀਸ 220.00
- ਯੂਨੀਵਰਸਿਟੀ ਪ੍ਰੋਸੈਸਿੰਗ ਫ਼ੀਸ 70.00

**ਸਰਕਾਰੀ / ਕਾਲਜ ਫ਼ੀਸ ਅਤੇ ਫੰਡ**

- ਅਮਲਗਾਮੇਟਿਡ ਫੰਡ 96.00
- ਬਿਲਡਿੰਗ ਫੰਡ 15.00
- ਕਾਲਜ ਡੀਲੇਪੀਡੇਸ਼ਨ ਫੰਡ 20.00
- ਬਿਜਲੀ, ਪਾਣੀ ਫੰਡ 300.00
- ਫਰਨੀਚਰ ਫੰਡ 15.00
- ਹੈਲਥ ਫੰਡ 10.00
- ਉੱਚੇਰੀ ਸਿੱਖਿਆ ਫੰਡ 10.00
- ਘਰੇਲੂ ਪ੍ਰੀਖਿਆ ਫੰਡ 50.00
- ਮੈਗਜ਼ੀਨ ਫੰਡ 50.00
- ਐਨ.ਸੀ.ਸੀ ਫੰਡ 20.00
- ਸਟੇਟ ਸਪੋਰਟਸ ਫੰਡ 75.00
- ਸਟੂਡੈਂਟਸ ਏਡ ਫੰਡ 20.00
- ਈ-ਗਵਰਨੈਂਸ ਫ਼ੀਸ 150.00
- ਸ਼ਨਾਖਤੀ ਕਾਰਡ ਫੰਡ 50.00
- ਪੀ.ਟੀ.ਏ ਫੰਡ 3500.00
- ਰੈੱਡ ਕਰਾਸ ਫੰਡ 30.00
- ਲਾਇਬ੍ਰੇਰੀ ਸਕਿਓਰਿਟੀ ਫ਼ੀਸ 30.00
- ਲਾਇਬਰੇਰੀ ਵਿਕਾਸ ਫ਼ੰਡ 50.00
- ਇਨਾਮ ਵੰਡ ਫੰਡ 25.00
- ਕਾਲਜ ਮੈਂਟੇਨੈਂਸ ਫ਼ੰਡ 100.00
- ਕਾਲਜ ਯੂਥ ਵੈਲਫ਼ੇਅਰ ਫ਼ੰਡ 20.00
- ਇੰਟਰਨੈੱਟ ਫ਼ੰਡ 20.00
- ਜ਼ਿਮਨੇਜ਼ੀਅਮ 20.00
- ਜਨਰੇਟਰ ਫੰਡ 50.00
- ਸਕੂਟਰ ਫ਼ੀਸ/ਮੋਟਰ ਸਾਈਕਲ ਪਾਰਕਿੰਗ 100.00

**ਬਾਹਰਲੀਆਂ ਯੂਨੀਵਰਸਿਟੀਆਂ ਅਤੇ ਬਾਹਰਲੇ ਰਾਜਾਂ ਦੇ ਬੋਰਡਾਂ ਤੋਂ ਆਉਣ ਵਾਲੇ ਵਿਦਿਆਰਥੀਆਂ ਲਈ**

- ਸਰਟੀਫ਼ਿਕੇਟ ਵੈਰੀਫਿਕੇਸ਼ਨ ਫ਼ੀਸ 880
- ਮਾਈਗਰੇਸ਼ਨ ਫ਼ੀਸ 170

**ਪ੍ਰੈਕਟੀਕਲ ਵਿਸ਼ਿਆਂ ਵਾਲੇ ਵਿਦਿਆਰਥੀਆਂ ਤੋਂ ਲਈ ਜਾਣ ਵਾਲੀ ਪ੍ਰਯੋਗਸ਼ਾਲਾ ਫ਼ੀਸ :**

| | ਵਿਸ਼ਾ | ਫ਼ੀਸ |
|---|---|---|
| • | ਫ਼ਿਜਿਕਸ | 84 |
| • | ਕੈਮਿਸਟਰੀ | 120 |
| • | ਬੋਟਨੀ | 84 |
| • | ਜ਼ੁਆਲੋਜੀ | 84 |
| • | ਜੌਗਰਫ਼ੀ | 84 |
| • | ਮਿਊਜ਼ਿਕ (ਇੰਸਟਰੂਮੈਂਟਲ) | 84 |
| • | ਮਿਊਜ਼ਿਕ (ਵੋਕਲ) | 84 |
| • | ਹੋਮ ਸਾਇੰਸ | 300 |
| • | ਫ਼ਿਲਾਸਫੀ | 84 |
| • | ਸਰੀਰਕ ਸਿੱਖਿਆ | 120 |
| • | ਕੰਪਿਊਟਰ ਸਾਇੰਸ | 120 |

- **ਬੀ.ਏ ਭਾਗ ਪਹਿਲਾ (ਸਮੈਸਟਰ ਸਿਸਟਮ)**

| | ਪੰਜਾਬ ਬੋਰਡ | ਪੰਜਾਬ ਬੋਰਡ ਪ੍ਰੈਕਟੀਕਲ ਫੀਸ ਸਮੇਤ | ਬਾਹਰਲੇ ਬੋਰਡ | ਬਾਹਰਲੇ ਬੋਰਡ ਪ੍ਰੈਕਟੀਕਲ ਫੀਸ ਸਮੇਤ | ਐੱਸ. ਸੀ ਵਿਦਿਆਰਥੀ |
|---|---|---|---|---|---|
| ਲੜਕੇ | 12080 | 13264 | 12250 | 13434 | 4480 |
| ਲੜਕੀਆਂ | 11936 | 13120 | 12106 | 13290 | 4480 |

- **ਬੀ.ਕਾਮ ਭਾਗ ਪਹਿਲਾ (ਸਮੈਸਟਰ ਸਿਸਟਮ)**

| | ਪੰਜਾਬ ਬੋਰਡ | ਬਾਹਰਲੇ ਬੋਰਡ | ਐੱਸ. ਸੀ ਵਿਦਿਆਰਥੀ |
|---|---|---|---|
| ਲੜਕੇ | 12750 | 12920 | 4480 |
| ਲੜਕੀਆਂ | 12606 | 12776 | 4480 |

- **ਬੀ. ਐੱਸ. ਸੀ ਭਾਗ ਪਹਿਲਾ (ਸਮੈਸਟਰ ਸਿਸਟਮ)**

| | ਪੰਜਾਬ ਬੋਰਡ | ਬਾਹਰਲੇ ਬੋਰਡ | ਐੱਸ. ਸੀ ਵਿਦਿਆਰਥੀ |
|---|---|---|---|
| ਲੜਕੇ | 13384 | 13554 | 4480 |
| ਲੜਕੀਆਂ | 13240 | 13410 | 4480 |

**ਵਿਸ਼ੇਸ਼ ਨੋਟ : ਪੰਜਾਬੀ ਯੂਨੀਵਰਸਿਟੀ ਪਟਿਆਲਾ/ ਪੰਜਾਬ ਸਰਕਾਰ ਵੱਲੋਂ ਸੈਸ਼ਨ 2023-24 ਵਿੱਚ ਫ਼ੀਸਾਂ ਦੀ ਤਬਦੀਲੀ ਲਾਗੂ ਹੋਵੇਗੀ।**

**ਦਾਖ਼ਲਾ ਫ਼ੀਸ ਦੀ ਅਦਾਇਗੀ ਸਬੰਧੀ**

- ਦਾਖ਼ਲਾ ਫ਼ੀਸ ਦੀ ਅਦਾਇਗੀ ਵਿਦਿਆਰਥੀਆਂ ਦੁਆਰਾ ਆਪਣੇ ਜਾਂ ਆਪਣੇ ਪਰਿਵਾਰ ਦੇ ਕ੍ਰੈਡਿਟ ਜਾਂ ਡੈਬਿਟ ਕਾਰਡ ਰਾਹੀਂ ਆਨ-ਲਾਈਨ ਹੀ ਕੀਤੀ ਜਾਵੇ ਅਤੇ ਦਾਖ਼ਲਾ ਲੈਣ ਉਪਰੰਤ ਕਿਸੇ ਵੀ ਹੋਰ ਕਿਸਮ ਦੀ ਫ਼ੀਸ (ਜ਼ੁਰਮਾਨਾ ਆਦਿ) ਆਨ-ਲਾਈਨ ਹੀ ਜਮ੍ਹਾਂ ਹੋਵੇਗੀ।

- ਵਿਦਿਆਰਥੀਆਂ ਤੋਂ ਫ਼ੀਸ ਅਤੇ ਫੰਡ ਪੰਜਾਬ ਸਰਕਾਰ /ਪੰਜਾਬੀ ਯੂਨੀਵਰਸਿਟੀ ਪਟਿਆਲਾ ਦੁਆਰਾ ਸਮੇਂ-ਸਮੇਂ ਤੇ ਨਿਰਧਾਰਤ ਕੀਤੀ ਦਰ ਅਨੁਸਾਰ ਵਸੂਲੇ ਜਾਣਗੇ।
- ਸਰਕਾਰ ਅਤੇ ਯੂਨੀਵਰਸਿਟੀਆਂ ਦੀਆਂ ਹਦਾਇਤਾਂ ਅਨੁਸਾਰ ਫ਼ੀਸਾਂ ਦੀ ਦਰ ਵਿੱਚ ਤਬਦੀਲੀ ਹੋ ਸਕਦੀ ਹੈ। ਆਮ ਤੌਰ ਤੇ ਫ਼ੀਸ ਨਿਸ਼ਚਿਤ ਮਿਤੀ ਨੂੰ ਹੀ ਲਈ ਜਾਵੇਗੀ। ਆਨ-ਲਾਈਨ ਫ਼ੀਸ ਅਦਾਇਗੀ ਵਿੱਚ ਦੇਰੀ ਕਾਰਨ ਨਿਯਮਾਂ ਅਨੁਸਾਰ ਜ਼ੁਰਮਾਨਾ ਵਸੂਲ ਕੀਤਾ ਜਾਵੇਗਾ। ਨਿਸ਼ਚਿਤ ਮਿਤੀਆਂ ਦੇ ਦੌਰਾਨ ਫ਼ੀਸ ਦੀ ਅਦਾਇਗੀ ਨਾ ਕਰਨ ਵਾਲੇ ਵਿਦਿਆਰਥੀਆਂ ਦੇ ਨਾਮ ਬਿਨਾਂ ਕਿਸੇ ਸੂਚਨਾ ਦੇ ਕੱਟ ਦਿੱਤੇ ਜਾਣਗੇ।

**ਫ਼ੀਸ ਮੁਆਫੀ ਅਤੇ ਆਰਥਿਕ ਸਹਾਇਤਾ :**

- ਲੜਕੀਆਂ ਅਤੇ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਤੋਂ ਟਿਊਸ਼ਨ ਫ਼ੀਸ ਨਹੀਂ ਲਈ ਜਾਵੇਗੀ।
- ਨਿਯਮਾਂ ਅਨੁਸਾਰ ਭੈਣ/ਭਰਾ ਵਿੱਚੋਂ ਇੱਕ ਲਈ ਪੀ ਟੀ ਏ ਫ਼ੀਸ ਮੁਆਫ਼ੀ ਦੀ ਸਹੂਲਤ ਉਪਲਬਧ ਹੈ।
- ਰਾਜ ਦੇ ਸਰਕਾਰੀ ਕਾਲਜਾਂ ਵਿੱਚ ਸਮੇਂ-ਸਮੇਂ ਕੀਤੀਆਂ ਹਦਾਇਤਾਂ ਅਨੁਸਾਰ ਪ੍ਰਵਾਨਿਤ ਵਰਗਾਂ ਦੇ ਵਿਦਿਆਰਥੀਆਂ ਲਈ ਟਿਊਸ਼ਨ ਫ਼ੀਸ ਵਿੱਚ ਛੋਟ ਦਿੱਤੀ ਜਾਵੇਗੀ।
- ਅੱਤਵਾਦ ਤੋਂ ਪ੍ਰਭਾਵਿਤ/ਦੰਗਾ ਪੀੜਿਤ ਪਰਿਵਾਰਾਂ ਦੇ ਬੱਚਿਆਂ ਨੂੰ ਲੋੜੀਂਦਾ ਦਸਤਾਵੇਜ਼/ਸਬੂਤ ਵਿਖਾਉਣ ਉਪਰੰਤ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਟਿਊਸ਼ਨ ਫ਼ੀਸ ਵਿੱਚ ਛੋਟ ਦੇਣ ਦੀ ਸਹੂਲਤ ਹੈ।
- ਆਰਥਿਕ ਪੱਖੋਂ ਗਰੀਬ ਵਿਦਿਆਰਥੀਆਂ ਲਈ ਕਾਲਜ ਵਿੱਚ ਇੱਕ ਸਹਿਯੋਗੀ **Each One Teach One** ਸੰਸਥਾ ਵੀ ਹੈ ਜੋ ਅਧਿਆਪਕਾਂ ਵਲੋਂ ਦਿੱਤੀ ਜਾਣ ਵਾਲੀ ਮਾਲੀ ਸਹਾਇਤਾ ਨਾਲ ਕੰਮ ਕਰਦੀ ਹੈ
- ਹੋਣਹਾਰ ਅਤੇ ਲੋੜਵੰਦ ਵਿਦਿਆਰਥੀਆਂ ਲਈ ਕੁਝ ਦਾਨੀ ਸ਼ਖ਼ਸੀਅਤਾਂ ਵਲੋਂ ਵਜੀਫੇ / ਨਕਦ ਪੁਰਸਕਾਰ ਉਪਲਬਧ ਹਨ, ਜਿਨ੍ਹਾਂ ਵਿੱਚ ਸਵ. ਪ੍ਰਿੰਸੀਪਲ ਹਰਦਿਆਲ ਸਿੰਘ , ਸਵ. ਚੌਧਰੀ ਮੇਘ ਰਾਜ ਸੈਣੀ, ਸ੍ਰੀਮਤੀ ਸੁਸ਼ੀਲ ਖੇੜਾ, ਪ੍ਰੋ. ਜਸਵਿੰਦਰ ਸਿੰਘ ਸੋਢੀ ਅਤੇ ਸ੍ਰੀਮਤੀ ਨਛੱਤਰ ਕੌਰ ਗਿੱਲ ਦੇ ਨਾਂ ਜ਼ਿਕਰਯੋਗ ਹਨ।

## ਐਂਟੀ ਰੈਗਿੰਗ ਸੈੱਲ

ਯੂ ਜੀ ਸੀ ਦੀਆਂ ਹਦਾਇਤਾਂ ਅਨੁਸਾਰ ਕਾਲਜ ਵਿੱਚ ਐਂਟੀ ਰੈਗਿੰਗ ਸੈੱਲ ਦੀ ਸਥਾਪਨਾ ਕੀਤੀ ਗਈ ਹੈ ਜੋ ਕਿ ਕਾਲਜ ਵਿੱਚ ਦਾਖਲ ਹੋਣ ਵਾਲੇ ਵਿਦਿਆਰਥੀ ਨੂੰ ਕਿਸੇ ਵੀ ਕਿਸਮ ਦੀ ਮਾਨਸਿਕ ਅਤੇ ਸਰੀਰਕ ਪ੍ਰਤਾੜਨਾ ਤੋਂ ਸੁਰੱਖਿਅਤ ਰੱਖਦੀ ਹੈ। ਕਾਲਜ ਵਿੱਚ ਸਿੱਧੇ ਜਾਂ ਅਸਿੱਧੇ ਤੌਰ ਤੇ ਰੈਗਿੰਗ ਸੰਬੰਧੀ ਕਿਸੇ ਵੀ ਗਤੀਵਿਧੀ ਵਿੱਚ ਹਿੱਸਾ ਲੈਣਾ ਕਾਨੂੰਨੀ ਜ਼ੁਰਮ ਹੈ। ਪਕੜੇ ਜਾਣ ਤੇ ਰੈਗਿੰਗ ਵਿੱਚ ਸ਼ਾਮਲ ਵਿਦਿਆਰਥੀ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਰੈਗਿੰਗ ਦਾਂ ਸ਼ਿਕਾਰ ਵਿਦਿਆਰਥੀ ਕਾਲਜ ਵਿਖੇ ਰੈਗਿੰਗ ਸੈੱਲ ਦੇ ਹੇਠ ਲਿਖ ਮੈਂਬਰਾਂ ਨਾਲ ਸੰਪਰਕ ਕਰ ਸਕਦਾ ਹੈ:

1. ਜਤਿੰਦਰ ਸਿੰਘ, ਪ੍ਰਿੰਸੀਪਲ 8146022995
2. ਡਾ. ਹਰਜਸ ਕੌਰ 9646074400
3. ਡਾ. ਜਤਿੰਦਰ ਕੁਮਾਰ 9501002385

ਜੇਕਰ ਵਿਦਿਆਰਥੀ ਉਪਰੋਕਤ ਕਮੇਟੀ ਤੋਂ ਸੰਤੁਸ਼ਟ ਨਹੀਂ ਹੁੰਦਾ ਤਾਂ ਮਾਨਯੋਗ ਡਿਪਟੀ ਕਮਿਸ਼ਨਰ ਰੂਪਨਗਰ ਨੂੰ 01881-221150 ਤੇ ਸੰਪਰਕ ਕਰ ਸਕਦਾ ਹੈ ਜਾਂ National Anti Ragging Helpline 180-1800-5522 ਤੇ ਸ਼ਿਕਾਇਤ ਦਰਜ ਕਰਵਾ ਸਕਦਾ ਹੈ।

## ਸ਼ਿਕਾਇਤ ਨਿਵਾਰਨ ਸੈੱਲ

1. ਡਾ. ਹਰਜਸ ਕੌਰ (ਕਨਵੀਨਰ) - 96460-74400
2. ਪ੍ਰੋ. ਹਰਜੀਤ ਸਿੰਘ - 94645-22968
3. ਪ੍ਰੋ. ਮੀਨਾ ਕੁਮਾਰੀ - 79735-57439
4. ਪ੍ਰੋ. ਸੁਰਿੰਦਰ ਸਿੰਘ - 70873-43488
5. ਪ੍ਰੋ. ਮਨਪ੍ਰੀਤ ਕੌਰ (ਐੱਚ.ਈ.ਆਈ.ਐੱਸ.)- 708780-0330
6. ਸ਼੍ਰੀਮਤੀ ਰਜਿੰਦਰ ਕੌਰ (ਲਾਇ. ਰਿਸਟੋਰਰ)- 98726-20378

**ਸ਼ਨਾਖਤੀ ਕਾਰਡ (Identity Card):**

ਕਾਲਜ ਵਿੱਚ ਦਾਖ਼ਲ ਹੋਏ ਹਰ ਵਿਦਿਆਰਥੀ ਦਾ ਸ਼ਨਾਖਤੀ ਕਾਰਡ ਬਣਾਇਆ ਜਾਵੇਗਾ। ਸ਼ਨਾਖਤੀ ਕਾਰਡ ਵਿਦਿਆਰਥੀ ਨੂੰ ਹਰ ਰੋਜ਼ ਕਾਲਜ ਆਉਣ ਸਮੇਂ ਆਪਣੇ ਨਾਲ ਲਿਆਉਣਾ ਹੋਵੇਗਾ ਅਤੇ ਉਸ ਨੂੰ ਗਲ਼ ਵਿੱਚ ਪਾਉਣਾ ਲਾਜ਼ਮੀ ਹੋਵੇਗਾ। ਸੰਬੰਧਿਤ ਅਧਿਕਾਰੀ/ਅਧਿਕਾਰੀਆਂ ਦੁਆਰਾ ਮੰਗਣ ਤੇ ਇਹ ਵਿਖਾਉਣਾ ਹੋਵੇਗਾ। ਸ਼ਨਾਖਤੀ ਕਾਰਡ ਨਾ ਦਿਖਾਉਣ ਦੀ ਹਾਲਤ ਵਿੱਚ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ ਅਤੇ ਜ਼ੁਰਮਾਨਾ ਵੀ ਕੀਤਾ ਜਾਵੇਗਾ। ਜਦੋਂ ਤੱਕ ਵਿਦਿਆਰਥੀਆਂ ਦਾ ਸ਼ਨਾਖਤੀ ਕਾਰਡ ਨਹੀਂ ਬਣਦਾ ਉਦੋਂ ਤੱਕ ਉਹ ਕਾਲਜ ਵੱਲੋਂ ਜਾਰੀ ਪ੍ਰੋਵਿਜ਼ਨਲ ਸ਼ਨਾਖਤੀ ਕਾਰਡ ਜਾਂ ਫੀਸ ਰਸੀਦ ਨਾਲ ਲੈ ਕੇ ਆਉਣਗੇ। ਸ਼ਨਾਖਤੀ ਕਾਰਡ ਵਿਦਿਆਰਥੀਆਂ ਨੂੰ ਇੱਕ ਸੈਸ਼ਨ ਲਈ ਜਾਰੀ ਕੀਤਾ ਜਾਂਦਾ ਹੈ। ਸੈਸ਼ਨ ਖ਼ਤਮ ਹੋਣ ਉਪਰੰਤ ਵਿਦਿਆਰਥੀ ਨੂੰ ਆਪਣਾ ਸ਼ਨਾਖ਼ਤੀ ਕਾਰਡ ਕਾਲਜ ਵਿਖੇ ਜਮ੍ਹਾਂ ਕਰਵਾਉਣਾ ਲਾਜ਼ਮੀ ਹੈ।

**ਵਿਸ਼ਾ ਤਬਦੀਲੀ**

ਬੀ.ਏ. ਸਮੈਸਟਰ ਪਹਿਲਾ ਵਿੱਚ ਦਾਖਲੇ ਸਮੇਂ ਲਏ ਗਏ ਵਿਸ਼ਿਆਂ ਵਿੱਚੋਂ ਕੋਈ ਚੋਣਵੇਂ ਵਿਸ਼ੇ ਕਲਾਸਾਂ ਸ਼ੁਰੂ ਹੋਣ ਤੋਂ ਦੋ ਹਫਤਿਆਂ ਦੇ ਅੰਦਰ-ਅੰਦਰ ਬਦਲਣ ਦੀ ਸੁਵਿਧਾ ਹੋਵੇਗੀ। ਇਸ ਉਪਰੰਤ ਬੀ.ਏ. ਦੇ ਕਿਸੇ ਵੀ ਸਮੈਸਟਰ ਵਿੱਚ ਵਿਸ਼ਾ ਬਦਲਣ ਦੀ ਪ੍ਰਵਾਨਗੀ ਨਹੀਂ ਹੋਵੇਗੀ। ਵਿਸ਼ਾ ਤਬਦੀਲੀ ਲਈ ਵਿਦਿਆਰਥੀਆਂ ਨੂੰ ਨਿਸ਼ਚਿਤ ਫ਼ਾਰਮ ਭਰ ਕੇ ਸੰਬੰਧਤ ਪ੍ਰੋਫੈਸਰ ਸਾਹਿਬਾਨ ਤੋਂ ਜ਼ਰੂਰੀ ਸਿਫ਼ਾਰਿਸ਼ ਕਰਵਾਉਣੀ ਲਾਜ਼ਮੀ ਹੋਵੇਗੀ।

**ਕਾਲਜ ਵਿੱਚ ਹਾਜ਼ਰੀਆਂ ਸਬੰਧੀ**

ਦਾਖਲਾ ਲੈਣ ਉਪਰੰਤ ਕਲਾਸਾਂ ਰੈਗੂਲਰ ਤੌਰ ਤੇ ਲਗਾਉਣੀਆਂ ਲਾਜ਼ਮੀ ਹਨ। ਯੂਨੀਵਰਸਿਟੀ ਨਿਯਮਾਂ ਅਨੁਸਾਰ 10 ਦਿਨ ਲਗਾਤਾਰ ਗ਼ੈਰ-ਹਾਜ਼ਰ ਰਹਿਣ ਵਾਲੇ ਵਿਦਿਆਰਥੀ ਦਾ ਨਾਮ ਕਾਲਜ ਰੋਲ ਤੋਂ ਕੱਟ ਦਿੱਤਾ ਜਾਵੇਗਾ। ਨਾਮ ਕੱਟਣ ਦੀ ਮਿਤੀ ਤੋਂ 10 ਦਿਨ ਦੇ ਅੰਦਰ ਅੰਦਰ ਪ੍ਰਿੰਸੀਪਲ ਦੀ ਆਗਿਆ ਨਾਲ ਪੁਨਰ ਦਾਖ਼ਲਾ ਫ਼ੀਸ ਅਤੇ ਜ਼ੁਰਮਾਨਾ ਭਰਨ ਉਪਰੰਤ ਹੀ ਪੁਨਰ-ਦਾਖ਼ਲਾ ਸੰਭਵ ਹੋ ਸਕੇਗਾ। ਇਹ ਦਾਖ਼ਲਾ ਕੇਵਲ ਦੋ ਵਾਰ ਹੀ ਸੰਭਵ ਹੈ। ਇਸ ਤੋਂ ਬਾਅਦ ਵਿਦਿਆਰਥੀ ਦਾ ਨਾਮ ਕਾਲਜ ਵਿੱਚੋਂ ਪੱਕੇ ਤੌਰ ਤੇ ਕੱਟ ਦਿੱਤਾ ਜਾਵੇਗਾ। ਕਾਲਜ ਰੋਲ ਤੋਂ ਨਾਮ ਕੱਟੇ ਜਾਣ ਦੀ ਮਿਤੀ ਤੋਂ ਦੁਬਾਰਾ ਦਾਖ਼ਲਾ ਲੈਣ ਦੀ ਮਿਤੀ ਦੇ ਵਕਫ਼ੇ ਦੌਰਾਨ ਹੋਏ ਲੈਕਚਰਾਂ ਦੀ ਕਮੀ ਦਾ ਵਿਦਿਆਰਥੀ ਖੁਦ ਜ਼ਿੰਮੇਵਾਰ ਹੋਵੇਗਾ।

**ਛੁੱਟੀ ਦੇ ਨਿਯਮ**

ਛੁੱਟੀ ਲੈਣ ਲਈ ਵਿਦਿਆਰਥੀ ਨਿਸ਼ਚਿਤ ਫ਼ਾਰਮ ਤੇ ਅਰਜ਼ੀ ਦੇਵੇਗਾ। ਵਿਦਿਆਰਥੀ ਛੁੱਟੀ ਜਾਣ ਤੋਂ ਪਹਿਲਾਂ ਅਰਜ਼ੀ ਆਪਣੇ ਟਿਊਟਰ (ਹਰ ਇੱਕ ਵਿਦਿਆਰਥੀ ਨੂੰ ਇੱਕ ਟਿਊਟਰ ਅਲਾਟ ਕੀਤਾ ਜਾਵੇਗਾ) ਤੋਂ ਮਨਜ਼ੂਰ ਕਰਵਾ ਕੇ ਦਫਤਰ ਵਿੱਚ ਕਲਰਕ ਨੂੰ ਦੇ ਕੇ ਜਾਣ। ਪਰ 7 ਦਿਨਾਂ ਤੋਂ ਵੱਧ ਦੀ ਛੁੱਟੀ ਆਪਣੇ ਟਿਊਟਰ ਦੀ ਸ਼ਿਫਾਰਸ਼ ਨਾਲ ਪ੍ਰਿੰਸੀਪਲ ਤੋਂ ਮਨਜ਼ੂਰ ਕਰਵਾਉਣੀ ਪਵੇਗੀ। ਬੀਮਾਰੀ ਦੀ ਹਾਲਤ ਵਿੱਚ ਮੈਡੀਕਲ ਸਰਟੀਫ਼ਿਕੇਟ ਨਾਲ ਦੇਣਾ ਜ਼ਰੂਰੀ ਹੈ। ਇਸ ਸਬੰਧੀ ਵਿਦਿਆਰਥੀ ਆਪਣੇ ਮਾਤਾ/ਪਿਤਾ ਜਾਂ ਸਰਪ੍ਰਸਤ ਤੋਂ ਹਸਤਾਖ਼ਰ ਕਰਵਾ ਕੇ ਅਰਜ਼ੀ ਦੇਣ।

**ਹੋਸਟਲ ਲੈਣ ਸੰਬੰਧੀ**

ਹੋਸਟਲ ਵਿੱਚ ਰਹਿਣ ਦੇ ਚਾਹਵਾਨ ਵਿਦਿਆਰਥੀ (ਕੇਵਲ ਲੜਕੇ) ਕਾਲਜ ਵਿੱਚ ਦਾਖ਼ਲੇ ਦੇ ਫ਼ਾਰਮ ਨਾਲ ਹੋਸਟਲ ਦਾਖ਼ਲਾ ਫ਼ਾਰਮ ਭਰ ਕੇ ਦੇਣਗੇ। ਹੋਸਟਲ ਵਿੱਚ ਦਾਖ਼ਲਾ ਨਿਰੋਲ ਮੈਰਿਟ ਦੇ ਆਧਾਰ ਤੇ ਹੋਵੇਗਾ।

**ਕਾਲਜ ਛੱਡਣ ਸੰਬੰਧੀ**

ਜਿਹੜਾ ਵਿਦਿਆਰਥੀ ਕਾਲਜ ਛੱਡਣ ਦਾ ਇਛੁੱਕ ਹੋਵੇ, ਉਹ ਨਿਰਧਾਰਿਤ ਫ਼ਾਰਮ ਤੇ ਆਪਣੀ ਅਰਜ਼ੀ ਪਿਤਾ ਜਾਂ ਸਰਪ੍ਰਸਤ ਤੋਂ ਪ੍ਰਤੀ-ਬੇਨਤੀ ਹਸਤਾਖ਼ਰ ਕਰਵਾ ਕੇ ਭੇਜੇ। ਵਿਦਿਆਰਥੀ ਨੂੰ ਕਾਲਜ ਛੱਡਣ ਤੋਂ ਪਹਿਲਾਂ ਕਾਲਜ ਦੀ ਫ਼ੀਸ, ਲਾਇਬ੍ਰੇਰੀ ਦੀਆਂ ਕਿਤਾਬਾਂ ਦੀ ਵਾਪਸੀ ਅਤੇ ਹੋਰ ਸਾਰੇ ਹਿਸਾਬ ਚੁਕਾਉਣੇ ਹੋਣਗੇ। ਕਾਲਜ ਵੱਲੋਂ ਸਕਿਊਰਟੀ ਤੋਂ ਇਲਾਵਾ ਕੋਈ ਹੋਰ ਰਕਮ ਵਾਪਸ ਨਹੀਂ ਕੀਤੀ ਜਾਵੇਗੀ। ਇੱਕ ਮਹੀਨੇ ਉਪਰੰਤ ਕੋਈ ਵੀ ਰਕਮ ਵਾਪਸ ਨਹੀਂ ਕੀਤੀ ਜਾਵੇਗਾ।

## ਯੂਨੀਵਰਸਿਟੀ ਸਮੈਸਟਰ ਪ੍ਰੀਖਿਆਵਾਂ ਵਿੱਚ ਬੈਠਣ ਲਈ ਨਿਯਮ ਅਤੇ ਸ਼ਰਤਾਂ

**ਲੈਕਚਰਾਂ ਸੰਬੰਧੀ**

- ਯੂਨੀਵਰਸਿਟੀ ਨਿਯਮਾਂ ਅਨੁਸਾਰ ਸਮੈਸਟਰ ਪ੍ਰੀਖਿਆ ਵਿੱਚ ਬੈਠਣ ਲਈ ਸਾਰੀਆਂ ਕਲਾਸਾਂ ਦੇ ਵਿਦਿਆਰਥੀਆਂ ਲਈ ਸਮੈਸਟਰ ਦੌਰਾਨ ਕਲਾਸ ਵਿੱਚ ਲੱਗੇ ਲੈਕਚਰਾਂ ਵਿੱਚੋਂ 75% ਲੈਕਚਰ ਲਗਾਉਣੇ ਲਾਜ਼ਮੀ ਹਨ।
- ਪ੍ਰਿੰਸੀਪਲ ਕੋਲ ਲੈਕਚਰਾਂ ਵਿੱਚ ਛੋਟ ਦੇਣ ਦਾ ਰਾਖਵਾਂ ਅਧਿਕਾਰ ਹੈ। ਕੇਵਲ ਉਹਨਾਂ ਵਿਦਿਆਰਥੀਆਂ ਦੇ ਕੇਸਾਂ ਉੱਤੇ ਯੂਨੀਵਰਸਿਟੀ

ਦੇ ਨਿਯਮਾਂ ਮੁਤਾਬਕ ਹੀ ਵਿਚਾਰ ਕੀਤੀ ਜਾਵੇਗੀ, ਜਿਨ੍ਹਾਂ ਦੀ ਪੜ੍ਹਾਈ ਅਤੇ ਵਿਵਹਾਰ ਸੰਬੰਧੀ ਰਿਪੋਰਟ ਤਸੱਲੀਬਖਸ਼ ਹੋਵੇਗੀ।

**ਘਰੇਲੂ ਪ੍ਰੀਖਿਆ (Mid Semester Test) ਸੰਬੰਧੀ**

- ਸਾਰੀਆਂ ਕਲਾਸਾਂ ਦੇ ਵਿਦਿਆਰਥੀ ਯੂਨੀਵਰਸਿਟੀ ਵੱਲੋਂ ਸੰਬੰਧਤ ਕਲਾਸ ਤੇ ਆਰਡੀਨੈਂਸ ਅਤੇ ਸਿਲੇਬਸ ਵਿੱਚ ਦਿੱਤੀਆਂ ਸ਼ਰਤਾਂ ਅਨੁਸਾਰ ਘਰੇਲੂ ਪ੍ਰੀਖਿਆਵਾਂ ਦੇਣ ਲਈ ਅਤੇ ਪ੍ਰੀਖਿਆ ਵਿੱਚ ਨਿਰਧਾਰਤ ਅੰਕ ਪ੍ਰਾਪਤ ਕਰਨ ਲਈ ਪਾਬੰਦ ਹੋਣਗੇ। ਇਸ ਲਈ ਪ੍ਰਤੀ ਵਿਸ਼ਾ 25% ਅੰਕ ਲੈਣੇ ਜ਼ਰੂਰੀ ਹਨ ਅਤੇ ਕੁੱਲ ਜੋੜ 33% ਹੋਣਾ ਚਾਹੀਦਾ ਹੈ।
- ਕੇਵਲ ਉਹ ਵਿਦਿਆਰਥੀ ਜੋ ਵਿਸ਼ੇਸ ਹਾਲਤਾਂ (ਜਿਵੇਂ ਕਿ ਬਿਮਾਰੀ, ਖੇਡਣ ਦਾ ਸਮਾਂ ਜਾਂ ਕਾਲਜ ਦਾ ਕੋਈ ਵਿਸ਼ੇਸ ਰੁਝੇਵਾਂ) ਵਿੱਚ ਪੇਪਰ ਨਾ ਦੇ ਸਕੇ ਹੋਣ ਉਹ ਪ੍ਰਿੰਸੀਪਲ ਦੀ ਆਗਿਆ ਨਾਲ ਦੁਬਾਰਾ ਪ੍ਰੀਖਿਆ ਦੇ ਸਕਦੇ ਹਨ ਇਸ ਲਈ ਉਹਨਾਂ ਨੂੰ ਸਵੈ-ਘੋਸਣਾ ਪੱਤਰ ਅਤੇ ਦਸਤਾਵੇਜ਼ੀ ਸਬੂਤ ਪੇਸ਼ ਕਰਨੇ ਹੋਣਗੇ।
- ਜਿਹੜੇ ਵਿਦਿਆਰਥੀ ਘਰੇਲੂ ਪ੍ਰੀਖਿਆ ਸਮੇਂ ਸਿਰ ਨਹੀਂ ਦੇਣਗੇ ਉਹ ਵਿਸ਼ੇਸ਼ ਪ੍ਰੀਖਿਆ ਦੇਣ ਲਈ ਕਾਲਜ ਵੱਲੋਂ ਨਿਰਧਾਰਤ ਫ਼ੀਸ ਜਮ੍ਹਾਂ ਕਰਵਾਉਣ ਲਈ ਪਾਬੰਦ ਹੋਣਗੇ

ਵਿਸ਼ੇਸ਼ ਨੋਟ: ਜਿਹੜੇ ਵਿਦਿਆਰਥੀ ਲੈਕਚਰਾਂ ਅਤੇ ਘਰੇਲੂ ਪ੍ਰੀਖਿਆਵਾਂ ਸੰਬੰਧੀ ਯੂਨੀਵਰਸਿਟੀ ਪ੍ਰੀਖਿਆ ਦੇਣ ਲਈ ਸ਼ਰਤਾਂ ਪੂਰੀਆਂ ਨਹੀਂ ਕਰਨਗੇ, ਉਹਨਾਂ ਨੂੰ ਪ੍ਰੀਖਿਆ ਵਿੱਚ ਨਹੀਂ ਬੈਠਣ ਦਿੱਤਾ ਜਾਵੇਗਾ ਅਤੇ ਉਹਨਾਂ ਦੇ ਰੋਲ ਨੰਬਰ ਯੂਨੀਵਰਸਿਟੀ ਨੂੰ ਵਾਪਸ ਕੀਤੇ ਜਾਣਗੇ।

## ਵਿਦਿਆਰਥੀਆਂ ਦੀ ਸਖਸ਼ੀਅਤ ਉਸਾਰੀ ਅਤੇ ਵਿਕਾਸ ਲਈ ਸਹੂਲਤਾਂ

**ਸ. ਬਲਦੇਵ ਸਿੰਘ ਦੁੱਮਣਾ ਲਾਇਬ੍ਰੇਰੀ**

ਕਾਲਜ ਵਿੱਚ ਇਕ ਸ਼ਾਨਦਾਰ ਤੇ ਵੱਡੀ ਲਾਇਬ੍ਰੇਰੀ ਹੈ, ਜਿਸ ਵਿੱਚ ਯੂਨੀਵਰਸਿਟੀ ਸਿਲੇਬਸ ਨਾਲ ਸੰਬੰਧਿਤ, ਪ੍ਰਤੀਯੋਗੀ ਪ੍ਰੀਖਿਆਵਾਂ ਦੀ ਤਿਆਰੀ ਲਈ ਅਤੇ ਰੈਫਰੈਂਸ ਪੁਸਤਕਾਂ ਸਮੇਤ ਲਗਭਗ 52,500 ਦੇ ਕਰੀਬ ਪੁਸਤਕਾਂ ਉਪਲਬਧ ਹਨ।ਕਾਲਜ ਲਾਇਬ੍ਰੇਰੀ 'ਭਾਰਤੀ ਸੰਵਿਧਾਨ' ਦੀ ਕਾਪੀ ਰੱਖਣ ਦਾ ਵੀ ਮਾਣ ਰੱਖਦੀ ਹੈ। ਵਿਦਿਆਰਥੀਆਂ ਦੁਆਰਾ ਇਹ ਸੰਵਿਧਾਨ ਫਰੀ ਪੀਰੀਅਡ 'ਚ ਲਾਇਬ੍ਰੇਰੀ ਆ ਕੇ ਪੜ੍ਹਿਆ ਜਾ ਸਕਦਾ ਹੈ। ਲਾਇਬ੍ਰੇਰੀ 'ਚ ਪ੍ਰਤੀਯੋਗਤਾਵਾਂ ਅਤੇ ਚਲੰਤ ਮਾਮਲਿਆਂ ਸਬੰਧੀ ਰਸਾਲੇ, ਜਰਨਲ ਆਉਂਦੇ ਹਨ ਅਤੇ 14 ਦੇ ਕਰੀਬ ਅੰਗਰੇਜ਼ੀ, ਪੰਜਾਬੀ ਅਤੇ ਹਿੰਦੀ ਦੇ ਅਖ਼ਬਾਰ ਵੀ ਆਉਂਦੇ ਹਨ। ਲਾਇਬ੍ਰੇਰੀ 'ਚ ਇੰਟਰਨੈੱਟ ਦੀ ਸਹੂਲਤ ਵੀ ਹੈ। ਵਿਦਿਆਰਥੀਆਂ ਲਈ ਪੜ੍ਹਨ ਦੇ ਕਮਰਿਆਂ (ਰੀਡਿੰਗ ਰੂਮਜ਼) ਦਾ ਵੀ ਪ੍ਰਬੰਧ ਹੈ। ਲਾਇਬ੍ਰੇਰੀ ਸਟਾਫ਼ ਮੈਂਬਰਾਨ ਵਿਦਿਆਰਥੀਆਂ ਨੂੰ ਲਾਇਬ੍ਰੇਰੀ ਸੰਬੰਧੀ ਸਮੇਂ-ਸਮੇਂ ਤੇ ਸੇਧ ਦਿੰਦੇ ਰਹਿੰਦੇ ਹਨ। ਇੱਛੁਕ ਵਿਦਿਆਰਥੀ ਲਾਇਬ੍ਰੇਰੀ ਦਾ ਪੂਰਾ ਲਾਭ ਉਠਾ ਸਕਦੇ ਹਨ।

**ਵਿਭਾਗੀ ਸੁਸਾਇਟੀਆਂ**

ਵਿਦਿਆਰਥੀਆਂ ਨੂੰ ਆਪਣੀ ਪ੍ਰਤਿਭਾ ਦਿਖਾਉਣ ਅਤੇ ਨਿਖਾਰਨ ਲਈ ਹਰ ਵਿਭਾਗ ਵੱਲੋਂ ਵਿਭਾਗੀ ਸੁਸਾਇਟੀਆਂ ਬਣਾਈਆਂ ਗਈਆਂ ਹਨ ਜਿਵੇਂ ਕਿ: ਭੌਤਿਕ ਵਿਗਿਆਨ, ਕੈਮਿਸਟਰੀ, ਮੈਥ, ਬੋਟਨੀ, ਜ਼ਿਊਲੋਜੀ, ਹੋਮਸਾਇੰਸ, ਜੋਗਰਫੀ, ਹਿੰਦੀ, ਪੰਜਾਬੀ, ਇਤਿਹਾਸ, ਅਰਥ ਸ਼ਾਸਤਰ ਅਤੇ ਰਾਜਨੀਤੀ ਸ਼ਾਸ਼ਤਰ ਆਦਿ। ਇਸ ਵਿੱਚ ਵਿਭਾਗ ਦਾ ਮੁਖੀ ਇੰਚਾਰਜ ਹੁੰਦਾ ਹੈ।ਇਨ੍ਹਾਂ ਵਿਭਾਗੀ ਸੁਸਾਇਟੀਆਂ ਵੱਲੋਂ ਸਮੇਂ-ਸਮੇਂ ਤੇ ਸੈਮੀਨਾਰ ਆਯੋਜਤ ਕੀਤੇ ਜਾਂਦੇ ਹਨ। ਜਿਨ੍ਹਾਂ ਵਿੱਚ ਯੂਨੀਵਰਸਿਟੀਆਂ ਤੋਂ ਵਿਸ਼ਾ ਮਾਹਿਰ ਬੁਲਾਏ ਜਾਂਦੇ ਹਨ। ਵਿਦਿਆਰਥੀਆਂ ਦੇ ਵੱਖ-ਵੱਖ ਮੁਕਾਬਲੇ ਕਰਵਾਏ ਜਾਂਦੇ ਹਨ। ਇਨ੍ਹਾਂ ਸੁਸਾਇਟੀਆਂ ਵੱਲੋਂ ਵਿੱਦਿਅਕ ਟੂਰ ਦਾ ਆਯੋਜਨ ਵੀ ਕੀਤਾ ਜਾਂਦਾ ਹੈ।

**ਟਿਊਟੋਰੀਅਲ ਗਰੁੱਪ (ਮੈਂਟਰ-ਮੈਂਟੀ ਪ੍ਰੋਗਰਾਮ)**

ਹਰ ਵਿਦਿਆਰਥੀ ਨੂੰ ਟਿਊਟੋਰੀਅਲ ਗਰੁੱਪ ਮੈਂਟਰ-ਮੈਂਟੀ ਅਲਾਟ ਕੀਤਾ ਜਾਵੇਗਾ। ਹਰ ਟਿਊਟਰ ਆਪਣੇ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਧਿਆਨ ਰੱਖੇਗਾ।ਕਿਸੇ ਵੀ ਵਿਦਿਆਰਥੀ ਨੂੰ ਆਪਣੇ ਆਪ ਗਰੁੱਪ ਬਦਲਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।ਹਰ ਮਹੀਨੇ ਟਿਊਟੋਰੀਅਲ ਗਰੁੱਪ ਮੀਟਿੰਗ ਹੋਵੇਗੀ ਜਿਸ ਵਿੱਚ ਵਿਦਿਆਰਥੀ ਦਾ ਹਾਜ਼ਰ ਹੋਣਾ ਲਾਜ਼ਮੀ ਹੋਵੇਗਾ। ਗ਼ੈਰ-ਹਾਜ਼ਰ ਵਿਦਿਆਰਥੀ ਨੂੰ ਜ਼ੁਰਮਾਨਾ ਕੀਤਾ ਜਾਵੇਗਾ।

**ਕਾਲਜ ਮੈਗਜ਼ੀਨ 'ਦੀ ਸ਼ਿਵਾਲਕ':**

ਸਰਕਾਰੀ ਕਾਲਜ, ਰੋਪੜ ਵਲੋਂ ਸਾਲ ਵਿੱਚ ਇੱਕ ਵਾਰ ਕਾਲਜ ਮੈਗਜ਼ੀਨ "ਦੀ ਸ਼ਿਵਾਲਿਕ" ਕੱਢਿਆ ਜਾਂਦਾ ਹੈ। ਇਸ ਵਿੱਚ ਵਿਦਿਆਰਥੀ ਵੱਖ ਵਿਸ਼ਿਆਂ ਦੇ ਲੇਖ, ਕਵਿਤਾਵਾਂ, ਕਹਾਣੀਆਂ ਅਤੇ ਹੋਰ ਸਾਹਿਤਕ ਵਿਧਾਵਾਂ ਅੰਗਰੇਜ਼ੀ, ਪੰਜਾਬੀ , ਹਿੰਦੀ ਆਦਿ ਕਿਸੇ ਵੀ ਭਾਸ਼ਾ ਵਿੱਚ ਛਪਵਾ ਸਕਦੇ ਹਨ।

**ਕਾਲਜ ਰਿਸਰਚ ਜਰਨਲ 'ਸਤਲੁਜ' :**

ਸਰਕਾਰੀ ਕਾਲਜ, ਰੋਪੜ ਵੱਲੋਂ ਹਰ ਸਾਲ "Sutlej" Journal of Literature, Sicence and Development Stuides

(Mulitidsicpilnary Research Journal" (ISSN 2455-0760) ਰਿਸਰਚ ਜਰਨਲ ਛਾਪਿਆ ਜਾ ਰਿਹਾ ਹੈ। ਜਿਸ ਵਿੱਚ ਅਲੱਗ-ਅਲੱਗ ਵਿਸ਼ਿਆਂ ਦੇ ਖੋਜ ਪੱਤਰ ਛਾਪੇ ਜਾਂਦੇ ਹਨ।

**ਸਮਾਰਟ/ਡਿਜਿਟਲ ਕਲਾਸ ਰੂਮਜ਼ ਅਤੇ ਲੈਬਜ਼**

ਕਾਲਜ ਵਿੱਚ ਵਿਦਿਆਰਥੀਆਂ ਨੂੰ ਸਮਾਰਟ ਕਲਾਸ ਰੂਮ ਅਤੇ ਡਿਜਿਟਲ ਪੈਨਲ ਵਾਲੇ ਕਮਰਿਆਂ ਦਾ ਵਿਸ਼ੇਸ਼ ਪ੍ਰਬੰਧ ਹੈ ਜਿਨ੍ਹਾਂ ਵਿੱਚ ਵਿਦਿਆਰਥੀਆਂ ਨੂੰ ਸਿੱਖਿਆ ਦੇਣ ਲਈ ਆਧੁਨਿਕ ਤਕਨੀਕ ਅਤੇ ਢੰਗਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਸਾਰੇ ਪ੍ਰੈਕਟੀਕਲ ਵਿਸ਼ਿਆਂ (ਫਿਜ਼ਿਕਸ, ਕੈਮਿਸਟਰੀ, ਬਾਟਨੀ, ਜ਼ੁਆਲੋਜੀ, ਜੌਗਰਫੀ, ਹੋਮ- ਸਾਇੰਸ, ਸੰਗੀਤ-ਗਾਇਨ, ਸੰਗੀਤ-ਵਾਦਨ ਅਤੇ ਫਿਲਾਸਫੀ) ਦੀਆਂ ਆਧੁਨਿਕ ਸਾਮਾਨ ਨਾਲ ਲੈਸ ਆਪਣੀਆਂ ਪ੍ਰਯੋਗਸ਼ਾਲਾਵਾਂ ਹਨ । ਜ਼ੁਆਲੋਜੀ ਅਤੇ ਬਾਟਨੀ ਵਿਭਾਗ ਵਿੱਚ ਸ਼ਾਨਦਾਰ ਮਿਊਜ਼ੀਅਮ ਵੀ ਮੌਜੂਦ ਹਨ। ਬਾਟੇਨੀਕਲ ਅਤੇ ਹਰਬਲ ਗਾਰਡਨ ਵੀ ਹਨ। ਵਿਦਿਆਰਥੀਆਂ ਲਈ ਨੈੱਟਵਰਕ ਰਿਸੋਰਸ ਸੈਂਟਰ ਅਤੇ ਸਪੋਕਨ ਇੰਗਲਿਸ਼ ਲੈਬ ਦੀ ਸਹੂਲਤ ਵੀ ਹੈ।

**ਖੇਡ ਮੈਦਾਨ ਅਤੇ ਜਿੰਮ**

ਕਾਲਜ ਦੇ ਵਿੱਚ ਵਿਸ਼ਾਲ ਖੇਡ ਮੈਦਾਨ ਹਨ। ਕਸਰਤ ਕਰਨ ਲਈ ਆਧੁਨਿਕ ਸਹੂਲਤਾਂ ਨਾਲ ਲੈਸ ਜਿੰਮ ਵੀ ਹੈ ਜਿੱਥੇ ਵਿਦਿਆਰਥੀ ਆਪਣੀ ਖੇਡ ਨੂੰ ਨਿਖਾਰ ਸਕਦੇ ਹਨ ਅਤੇ ਸਰੀਰਕ ਤੌਰ ਤੇ ਤੰਦਰੁਸਤ ਰਹਿ ਸਕਦੇ ਹਨ। ਖਿਡਾਰੀਆਂ ਨੂੰ ਯੂਨੀਵਰਸਿਟੀ, ਸਟੇਟ,ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ ਤੱਕ ਆਪਣੀ ਖੇਡ ਵਿੱਚ ਹਿੱਸਾ ਲੈਣ ਦਾ ਮੌਕਾ ਮਿਲਦਾ ਹੈ।

**ਹੋਰ ਸਹੂਲਤਾਂ**

ਕਾਲਜ ਵਿਖੇ ਇੱਕ ਮਲਟੀ-ਪਰਪਜ਼ ਹਾਲ ਅਤੇ ਓਪਨ ਏਅਰ ਥੀਏਟਰ ਵੀ ਮੌਜੂਦ ਹੈ। ਵਿਦਿਆਰਥੀਆਂ ਦੀ ਸਹੂਲਤ ਲਈ ਕਾਲਜ ਕੈਂਪਸ ਦੇ ਵਿੱਚ ਹੀ ਖਾਣ ਪੀਣ ਲਈ ਕੰਟੀਨ ਹੈ ਅਤੇ ਨਾਲ ਹੀ ਟੱਕ-ਸ਼ਾਪ ਹੈ ਜਿਸ ਤੋਂ ਵਿਦਿਆਰਥੀ ਆਪਣਾ ਕੋਈ ਵੀ ਸਟੇਸ਼ਨਰੀ ਦਾ ਸਮਾਨ ਖ਼੍ਰੀਦ ਸਕਦਾ ਹੈ।

ਪੰਜਾਬ ਸਰਕਾਰ ਦੇ ਨਿਯਮਾਂ ਅਨੁਸਾਰ ਵਿਦਿਆਰਥੀਆਂ ਲਈ ਮੁਫਤ ਬੱਸ ਪਾਸ ਦੀ ਸਹੂਲਤ ਵੀ ਉਪਲਬਧ ਹੈ। ਇਸ ਤੋਂ ਇਲਾਵਾ ਵਿਦਿਆਰਥੀਆਂ ਦੀ ਸਹਾਇਤਾ ਲਈ Poor Students help Cell, Carrer Guidance Cell, Free Legal Aid Cell, Women Cell, Equal Opportunity Cell, Anti-Sexual Harassment Cell, Anti-Ragging Cell ਅਤੇ ਸ਼ਿਕਾਇਤ ਨਿਵਾਰਨ ਸੈੱਲ ਵੀ ਸਰਗਰਮ ਹਨ।

## ਸਹਿ-ਵਿੱਦਿਅਕ ਗਤੀਵਿਧੀਆਂ

**ਯੁਵਕ ਅਤੇ ਲੋਕ ਮੇਲਾ**

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੁਆਰਾ ਹਰ ਸਾਲ ਅਕਤੂਬਰ ਮਹੀਨੇ ਵਿੱਚ ਇੱਕ ਖੇਤਰੀ ਯੁਵਕ ਅਤੇ ਲੋਕ ਮੇਲੇ ਦਾ ਆਯੋਜਨ ਕੀਤਾ ਜਾਂਦਾ ਹੈ। ਇਸ ਮੇਲੇ ਵਿੱਚ ਵਿਦਿਆਰਥੀ ਸੰਗੀਤ, ਰੰਗ ਮੰਚ, ਸਾਹਿਤਕ ਕਲਾਵਾਂ, ਕੋਮਲ ਕਲਾਵਾਂ, ਗਿੱਧੇ, ਭੰਗੜੇ, ਪ੍ਰਚਲਿਤ ਅਤੇ ਅਲੋਪ ਹੋ ਰਹੀਆਂ ਲੋਕ ਕਲਾਵਾਂ ਵਿੱਚ ਭਾਗ ਲੈਂਦੇ ਹਨ। ਜੇਤੂ ਟੀਮਾਂ ਪਟਿਆਲਾ ਵਿਖੇ ਆਯੋਜਿਤ ਅੰਤਰ-ਖੇਤਰੀ ਯੁਵਕ ਅਤੇ ਲੋਕ ਮੇਲੇ ਵਿੱਚ ਭਾਗ ਲੈਣ ਲਈ ਜਾਂਦੀਆਂ ਹਨ। ਕਾਲਜ ਦੇ ਵਿਦਿਆਰਥੀ ਇਨ੍ਹਾਂ ਮੇਲਿਆਂ ਵਿੱਚ ਭਾਗ ਲੈਂਦੇ ਹਨ ਅਤੇ ਇਨਾਮ ਜਿੱਤ ਕੇ ਕਾਲਜ ਦਾ ਮਾਣ ਵਧਾਉਂਦੇ ਹਨ।

**ਨੈਸ਼ਨਲ ਕੈਡਿਟ ਕੋਰ (ਐਨ.ਸੀ.ਸੀ)**

ਕਾਲਜ ਵਿੱਚ ਲੜਕੇ ਤੇ ਲੜਕੀਆਂ ਲਈ ਇਨਫੈਂਟਰੀ ਵਿੰਗ ਦੀਆਂ ਕੁਲ 160 ਸੀਟਾਂ ਹਨ। ਭਰਤੀ ਹੋਣ ਵਾਲੇ ਵਿਦਿਆਰਥੀਆਂ ਦੀ ਸਿਖਲਾਈ ਤਿੰਨ ਸਾਲਾਂ ਦੀ ਹੋਵੇਗੀ। ਐਨ.ਸੀ.ਸੀ. ਵਿੱਚ ਭਰਤੀ ਹੋਣ ਲਈ ਲੋੜੀਂਦਾ ਫ਼ਾਰਮ ਕਾਲਜ ਵੱਲੋਂ ਨਿਰਧਾਰਤ ਸਮੇਂ ਵਿੱਚ ਭਰਨਾ ਜ਼ਰੂਰੀ ਹੈ। ਇਸ ਵਿੱਚ ਵਿਦਿਆਰਥੀਆਂ ਦੀ ਸੈਨਿਕ ਬਲਾਂ ਵਿੱਚ ਸ਼ਾਮਲ ਹੋਣ ਲਈ ਟ੍ਰੇਨਿੰਗ ਕਰਵਾਈ ਜਾਂਦੀ ਹੈ ਅਤੇ ਇਸ ਦੌਰਾਨ ਵਿਦਿਆਰਥੀਆਂ ਨੂੰ ਯੂਨੀਵਰਸਿਟੀ, ਸਟੇਟ ਅਤੇ ਨੈਸ਼ਨਲ ਪੱਧਰ ਦੇ ਸਪੈਸ਼ਲ ਕੈਂਪਾਂ ਵਿੱਚ ਹਿੱਸਾ ਲੈਣ ਦਾ ਮੌਕਾ ਵੀ ਮਿਲਦਾ ਹੈ।

**ਕੌਮੀ ਸੇਵਾ ਯੋਜਨਾ (ਐੱਨ.ਐੱਸ.ਐੱਸ)**

ਲੜਕੇ ਤੇ ਲੜਕੀਆਂ ਦੋਹਾਂ ਵਰਗਾਂ ਲਈ ਕੌਮੀ ਸੇਵਾ ਯੋਜਨਾ ਦੇ 5 ਯੂਨਿਟ ਸਰਗਰਮ ਹਨ। ਹਰ ਯੂਨਿਟ ਵਿੱਚ 100 ਵਿਦਿਆਰਥੀਆਂ ਦੀ ਵਲੰਟੀਅਰ ਤੌਰ ਤੇ ਭਰਤੀ 'ਪਹਿਲਾਂ ਆਓ-ਪਹਿਲਾਂ ਪਾਉ' ਦੇ ਆਧਾਰ ਤੇ ਕੀਤੀ ਜਾਂਦੀ ਹੈ। ਇਸ ਯੋਜਨਾ ਰਾਹੀਂ ਵਲੰਟੀਅਰਾਂ ਨੂੰ ਯੂਥ ਲੀਡਰਸ਼ਿੱਪ ਕੈਂਪ, ਰਾਸ਼ਟਰੀ ਏਕਤਾ ਕੈਂਪ, ਐਡਵੈਂਚਰ ਕੈਂਪ, ਇੰਟਰ- ਸਟੇਟ ਯੂਥ ਐਕਸਚੇਂਜ ਪ੍ਰੋਗਰਾਮ, ਹਾਈਕਿੰਗ ਟ੍ਰੈਕਿੰਗ ਕੈਂਪ, ਪ੍ਰੀ-ਰਿਪਬਲਿਕ ਡੇਅ ਪਰੇਡ ਕੈਂਪ ਆਦਿ ਵਿੱਚ ਭਾਗ ਲੈਣ ਦੇ ਅਵਸਰ ਮਿਲਦੇ ਹਨ ਜੋ ਕਿ ਵਿਦਿਆਰਥੀ ਦੀ ਸਖਸ਼ੀਅਤ ਦੀ ਉਸਾਰੀ ਅਤੇ ਬਹੁਪੱਖੀ ਵਿਕਾਸ ਕਰਨ ਵਿੱਚ ਭਰਪੂਰ ਸਹਾਈ ਹੁੰਦੇ ਹਨ।

**ਯੁਵਕ ਸੇਵਾਵਾਂ ਰੈੱਡ ਰਿਬਨ ਕਲੱਬ**

ਵਿਦਿਆਰਥੀਆਂ ਨੂੰ ਸਮਾਜ ਨਾਲ ਜੋੜਨ ਲਈ ਕਾਲਜ ਵਿੱਚ ਯੁਵਕ ਸੇਵਾਵਾਂ ਰੈੱਡ ਰਿਬਨ ਕਲੱਬ ਦਾ ਯੂਨਿਟ ਵੀ ਸਰਗਰਮ ਹੈ। ਇਸ ਕਲੱਬ ਰਾਹੀਂ ਵਿਦਿਆਰਥੀਆਂ ਨੂੰ ਸਮਾਜਿਕ ਬੁਰਾਈਆਂ ਖਿਲਾਫ ਜਾਗਰੂਕਤਾ ਅਭਿਆਨ, ਸਵੱਛ-ਭਾਰਤ ਅਭਿਆਨ, ਖ਼ੂਨ-ਦਾਨ ਮੁਹਿੰਮ, ਵਾਤਾਵਰਣ ਸੁਰੱਖਿਆ ਅਤੇ ਜ਼ਿਲਾ ਅਤੇ ਕਾਲਜ ਪ੍ਰਸ਼ਾਸ਼ਨ ਨਾਲ ਵੱਖ-ਵੱਖ ਸਮਾਗਮਾਂ ਦੇ ਆਯੋਜਨ ਵਿੱਚ ਹਿੱਸਾ ਲੈਣ ਦਾ ਮੌਕਾ ਮਿਲਦਾ ਹੈ।

**ਰੈੱਡ ਕਰਾਸ ਕਲੱਬ**

ਕਾਲਜ ਵਿੱਚ ਸਰਗਰਮ ਰੈੱਡ ਕਰਾਸ ਯੂਨਿਟ ਜ਼ਿਲਾ ਅਤੇ ਸਟੇਟ ਰੈੱਡ ਕਰਾਸ ਸੋਸਾਇਟੀ ਦੁਆਰਾ ਆਯੋਜਿਤ ਵਿਸ਼ੇਸ਼ ਮੁਹਿੰਮਾਂ, ਸਮਾਗਮਾਂ ਅਤੇ ਸਪੈਸ਼ਲ ਕੈਂਪਾਂ ਵਿੱਚ ਹਿੱਸਾ ਲੈਣ ਦੇ ਮੌਕੇ ਮੁਹੱਈਆ ਕਰਵਾਉਂਦਾ ਹੈ।

## ਵਿਲੱਖਣ ਪ੍ਰਾਪਤੀਆਂ ਕਰਨ ਵਾਲੇ ਵਿਦਿਆਰਥੀਆਂ ਨੂੰ ਮਿਲਣ ਵਾਲੇ ਮਾਣ-ਸਨਮਾਨ

**ਰੋਲ ਆਫ ਆਨਰ (ਅਕਾਦਮਿਕ)**

ਇਸ ਸਨਮਾਨ ਦੇ ਹੱਕਦਾਰ ਉਹ ਵਿਦਿਆਰਥੀ ਹੋਣਗੇ, ਜਿਹੜੇ ਯੂਨੀਵਰਸਿਟੀ ਦੀਆਂ ਪ੍ਰੀਖਿਆਵਾਂ ਵਿਚ ਮੈਰਿਟ ਲਿਸਟ ਵਿੱਚ ਪਹਿਲੇ 10ਵੇਂ ਸਥਾਨ ਤੱਕ ਰਹਿਣਗੇ ਜਾਂ 75% ਤੋਂ ਵੱਧ ਅੰਕ ਪ੍ਰਾਪਤ ਕਰਨਗੇ। ਇਹ ਸਨਮਾਨ ਬੀ.ਏ, ਬੀ.ਐਸ.ਸੀ, ਬੀ.ਕਾਮ, ਬੀ.ਸੀ.ਏ, ਪੀ.ਜੀ.ਡੀ.ਸੀ.ਏ, ਐਮ.ਏ. ਅਤੇ ਐਮ.ਐਸ.ਸੀ.- ਆਈ.ਟੀ (Lateral Entry) ਦੇ ਇਮਤਿਹਾਨਾਂ ਦੇ ਅੰਤਿਮ ਨਤੀਜੇ ਦੀ ਮੈਰਿਟ ਦੇ ਆਧਾਰ ਤੇ ਦਿੱਤੇ ਜਾਣਗੇ।

**ਰੋਲ ਆਫ਼ ਆਨਰ (ਖੇਡਾਂ):**

ਇਹ ਸਨਮਾਨ ਉਨ੍ਹਾਂ ਵਿਲੱਖਣ ਪ੍ਰਾਪਤੀਆਂ ਵਾਲੇ ਖਿਡਾਰੀਆਂ ਨੂੰ ਦਿੱਤਾ ਜਾਵੇਗਾ ਜਿਨ੍ਹਾਂ ਨੇ

- ਪੰਜਾਬੀ ਯੂਨੀਵਰਸਟੀ, ਰਾਜ ਪੱਧਰ ਜਾਂ ਨੈਸ਼ਨਲ ਪੱਧਰ ਤੇ ਕਿਸੇ ਟੀਮ ਦੀ ਕਪਤਾਨੀ ਕੀਤੀ ਹੋਵੇ।
- ਸਰਬ ਭਾਰਤੀ ਅੰਤਰ ਯੂਨੀਵਰਸਿਟੀ ਜਾਂ ਰਾਸ਼ਟਰੀ ਪੱਧਰ ਤੇ ਸਬ-ਜੂਨੀਅਰ/ ਜੂਨੀਅਰ/ਸੀਨੀਅਰ ਵਰਗ ਲਈ ਖੇਡ ਮੁਕਾਬਲਿਆਂ ਵਿੱਚ ਵਿਅਕਤੀਗਤ ਤੌਰ ਤੇ ਪਹਿਲਾ, ਦੂਜਾ ਜਾਂ ਤੀਜਾ ਸਥਾਨ ਪ੍ਰਾਪਤ ਕੀਤਾ ਹੋਵੇ।
- ਸਰਬ-ਭਾਰਤੀ ਅੰਤਰ ਯੂਨੀਵਰਸਿਟੀ ਜਾਂ ਰਾਸ਼ਟਰੀ ਪੱਧਰ ਤੇ ਮੈਚਾਂ ਵਿੱਚ ਪਹਿਲਾ ਜਾਂ ਦੂਜਾ ਸਥਾਨ ਪ੍ਰਾਪਤ ਕਰਨ ਵਾਲੀ ਟੀਮ ਦੇ ਮੈਂਬਰ ਹੋਣ।

**ਰੋਲ ਆਫ਼ ਆਨਰ (ਐੱਨ.ਸੀ.ਸੀ.)**

ਇਹ ਸਨਮਾਨ ਉਨ੍ਹਾਂ ਵਿਲੱਖਣ ਪ੍ਰਾਪਤੀਆਂ ਵਾਲੇ ਕੈਡਿਟਾਂ ਨੂੰ ਦਿੱਤਾ ਜਾਵੇਗਾ ਜਿਨ੍ਹਾਂ ਨੇ

- ਐਨ.ਸੀ.ਸੀ ਵਿੱਚ ਤਿੰਨ ਸਾਲਾਂ ਦੌਰਾਨ ਪ੍ਰੀ-ਰਿਪਬਲਿਕ ਡੇ ਕੈਂਪ/ 2 ਟਰੇਨਿੰਗ ਕੈਂਪ / ਰਾਸ਼ਟਰੀ ਏਕਤਾ ਕੈਂਪ/ ਥਲ ਸੈਨਾ ਕੈਂਪ/ ਆਰਮੀ ਅਟੈਚਮੈਂਟ/ ਟਰੈਕਿੰਗ ਕੈਂਪ ਆਦਿ ਲਗਾਏ ਹੋਣ।
- ਜਿਨ੍ਹਾਂ ਨੇ 26 ਜਨਵਰੀ ਨੂੰ ਦਿੱਲੀ ਵਿਖੇ ਗਣਤੰਤਰ ਦਿਵਸ ਪਰੇਡ ਵਿੱਚ ਪੰਜਾਬ ਰਾਜ ਦੀ ਐਨ.ਸੀ.ਸੀ ਟੁਕੜੀ ਵਿੱਚਭਾਗ ਲਿਆ ਹੋਵੇ।
- ਐਨ.ਸੀ.ਸੀ ਦੇ ਸੀਨੀਅਰ ਅੰਡਰ ਅਫ਼ਸਰ ਦੇ ਤੌਰ ਤੇ ਕੰਮ ਕੀਤਾ ਹੋਵੇ ਅਤੇ ਉਸ ਦੇ ਅਨੁਸ਼ਾਸਨ ਸੰਬੰਧੀ ਐਨ.ਸੀ.ਸੀ ਅਫ਼ਸਰ ਦੀ ਸਰਵੋਤਮ ਰਿਪੋਰਟ ਹੋਵੇ।

**ਰੋਲ ਆਫ਼ ਆਨਰ (ਐੱਨ.ਐੱਸ.ਐੱਸ.)**

ਇਹ ਸਨਮਾਨ ਉਨ੍ਹਾਂ ਵਿਲੱਖਣ ਪ੍ਰਾਪਤੀਆਂ ਵਾਲੇ ਵਲੰਟੀਅਰਾਂ ਨੂੰ ਦਿੱਤਾ ਜਾਵੇਗਾ ਜਿਨ੍ਹਾਂ ਨੇ

- 3 ਸਾਲਾਂ ਦੌਰਾਨ 3 ਸੱਤ ਰੋਜ਼ਾ ਕੈਂਪ, ਘੱਟੋ-ਘੱਟ ਇੱਕ ਅੰਤਰ ਕਾਲਜ ਕੈਂਪ, ਰਾਸ਼ਟਰੀ ਏਕਤਾ ਕੈਂਪ ਜਾਂ ਇਸ ਦੇ ਪੱਧਰ ਦਾ ਕੋਈ ਹੋਰ ਕੈਂਪ ਅਤੇ ਕਾਲਜ ਵਿੱਚ 3 ਸਾਲਾ ਦੌਰਾਨ 15 ਇੱਕ ਰੋਜ਼ਾ ਕੈਂਪ ਲਗਾਏ ਹੋਣ।
- ਯੂਨੀਵਰਸਿਟੀ, ਰਾਜ ਪੱਧਰ ਅਤੇ ਕੌਮੀ ਪੱਧਰ ਤੇ ਸਨਮਾਨ ਹਾਸਿਲ ਕੀਤਾ ਹੋਵੇ।
- 26 ਜਨਵਰੀ ਨੂੰ ਦਿੱਲੀ ਵਿਖੇ ਗਣਤੰਤਰ ਦਿਵਸ ਪਰੇਡ ਵਿੱਚ ਪੰਜਾਬ ਰਾਜ ਦੀ ਐਨ.ਐਸ.ਐਸ. ਟੁਕੜੀ ਵਿੱਚ ਭਾਗ ਲਿਆ ਹੋਵੇ।
- ਯੂਨੀਵਰਸਿਟੀ, ਰਾਜ ਪੱਧਰ ਅਤੇ ਕੌਮੀ ਪੱਧਰ ਤੇ ਸਨਮਾਨ ਹਾਸਿਲ ਕੀਤਾ ਹੋਵੇ।

**ਰੋਲ ਆਫ਼ ਆਨਰ (ਸਭਿਆਚਾਰਕ ਅਤੇ ਸਹਿ-ਵਿੱਦਿਅਕ ਗਤੀਵਿਧੀਆਂ)**

ਇਹ ਸਨਮਾਨ ਲੈਣ ਦੇ ਹੱਕਦਾਰ ਉਹ ਵਿਦਿਆਰਥੀ ਕਲਾਕਾਰ ਹੋਣਗੇ ਜਿਨ੍ਹਾਂ ਨੇ

- ਯੂਨੀਵਰਸਿਟੀ ਪੱਧਰ ਜਾਂ ਰਾਜ ਪੱਧਰ ਤੇ ਪਹਿਲਾ ਜਾਂ ਦੂਜਾ ਸਥਾਨ ਹਾਸਲ ਕੀਤਾ ਹੋਵੇ।

- ਨੈਸ਼ਨਲ ਜਾਂ ਇੰਟਰ ਨੈਸ਼ਨਲ ਪੱਧਰ ਤੇ ਪੰਜਾਬੀ ਯੂਨੀਵਰਸਿਟੀ ਜਾਂ ਪੰਜਾਬ ਰਾਜ ਦੀ ਪ੍ਰਤੀਨਿਧਤਾ ਕੀਤੀ ਹੋਵੇ
- ਵਿਅਕਤੀਗਤ /ਟੀਮ ਦੇ ਤੌਰ ਤੇ ਅੰਤਰ ਯੂਨੀਵਰਸਿਟੀ ਪੱਧਰ ਤੇ ਸੱਭਿਆਚਾਰਕ /ਸਾਹਿਤਕ ਮੁਕਾਬਲਿਆਂ ਵਿੱਚ ਪਹਿਲੇ ਸਥਾਨ ਤੇ ਰਹਿਣ ਵਾਲੇ ਪ੍ਰਤਿਭਾਸ਼ਾਲੀ ਵਿਦਿਆਰਥੀ /ਟੀਮ ਦੇ ਸਾਰੇ ਮੈਂਬਰਾਂ ਨੂੰ ਰੋਲ ਆਫ਼ ਆਨਰ ਪ੍ਰਦਾਨ ਕੀਤਾ ਜਾਵੇਗਾ।
- ਪੰਜਾਬ ਸਰਕਾਰੀ ਦੇ ਰਾਜ-ਪੱਧਰ ਜਾਂ ਯੂਨੀਵਰਸਿਟੀ ਜਾਂ ਅੰਤਰ ਜ਼ੋਨਲ ਯੁਵਕ ਮੁਕਾਬਲਿਆਂ ਵਿੱਚ ਪਹਿਲੇ ਸਥਾਨ ਤੇ ਰਹਿਣ ਵਾਲੇ ਹਰ ਵਿਅਕਤੀਗਤ ਜੇਤੂ ਅਤੇ ਟੀਮ ਦੀ ਸੂਰਤ ਵਿੱਚ ਦੋ ਮੈਂਬਰਾਂ ਨੂੰ ਰੋਲ ਆਫ਼ ਆਨਰ ਦਿੱਤਾ ਜਾਵੇਗਾ।

**ਕਾਲਜ ਕਲਰ (ਅਕਾਦਮਿਕ)**

- ਸਾਲ ਦੌਰਾਨ ਕਾਲਜ ਦੀਆਂ ਘਰੇਲੂ ਪ੍ਰੀਖਿਆਵਾਂ ਵਿੱਚੋਂ ਓਵਰ-ਆਲ ਪਹਿਲੇ ਸਥਾਨ ਤੇ ਰਹਿਣ ਵਾਲੇ ਵਿਦਿਆਰਥੀਆਂ ਨੂੰ ਇਹ ਸਨਮਾਨ ਦਿੱਤਾ ਜਾਵੇਗਾ।

**ਕਾਲਜ ਕਲਰ (ਖੇਡਾਂ):** ਇਹ ਸਨਮਾਨ ਹੇਠ ਲਿਖੇ ਅਨੁਸਾਰ ਦਿੱਤਾ ਜਾਵੇਗਾ

- ਜਿਸ ਨੇ ਪੰਜਾਬੀ ਯੂਨੀਵਰਸਿਟੀ ਜਾਂ ਰਾਜ-ਪੱਧਰ ਦੀ ਟੀਮ ਦੀ ਪ੍ਰਤੀਨਿਧਤਾ ਕੀਤੀ ਹੋਵੇ।
- ਯੂਨੀਵਰਸਿਟੀ ਜਾਂ ਰਾਜ -ਪੱਧਰ ਦੇ ਵਿਅਕਤੀਗਤ ਮੁਕਾਬਲਿਆਂ ਵਿੱਚ ਪਹਿਲੇ ਤਿੰਨ ਸਥਾਨਾਂ ਤੇ ਰਹਿਣ ਵਾਲੇ ਖਿਡਾਰੀ ਵਿਦਿਆਰਥੀ।
- ਕਾਲਜ ਦੀਆਂ ਸਲਾਨਾ ਖੇਡਾਂ ਦੌਰਾਨ ਸਰਵੋਤਮ ਐਥਲੀਟ ਘੋਸ਼ਿਤ ਕੀਤੇ ਜਾਣ ਵਾਲੇ ਦੋ ਖਿਡਾਰੀ (ਇਕ ਲੜਕਾ ਤੇ ਇਕ ਲੜਕੀ)।
- ਅੰਤਰ-ਜੋਨਲ ਯੂਨੀਵਰਸਿਟੀ ਦੇ ਖੇਡ ਮੁਕਾਬਲੇ ਵਿੱਚ ਜੇਤੂ ਟੀਮ ਦੇ ਸਾਰੇ ਖਿਡਾਰੀ ਅਤੇ ਰਨਰਜ਼ -ਅੱਪ ਟੀਮਾਂ ਦੇ 50 ਪ੍ਰਤੀਸ਼ਤ।
- ਯੂਨੀਵਰਸਿਟੀ ਜ਼ੋਨ ਜੇਤੂ ਟੀਮ ਚੋਂ 25% ਅਤੇ ਜ਼ੋਨ ਰਨਰਜ਼ ਅੱਪ ਚੋਂ ਇਕ ਬਸ਼ਰਤੇ ਟੀਮ ਨੇ ਘੱਟੋ-ਘੱਟ ਦੋ ਮੈਚ ਜ਼ਰੂਰ ਖੇਡੇ ਹੋਣ।

**ਕਾਲਜ ਕਲਰ (ਐੱਨ.ਸੀ.ਸੀ.)**

- ਜਿਨ੍ਹਾਂ ਨੇ ਐਨ. ਸੀ. ਸੀ ਕੈਂਪਾਂ, ਕਾਲਜ ਦੇ ਫੰਕਸ਼ਨਾਂ ਅਤੇ ਐੱਨ.ਸੀ.ਸੀ ਦੁਆਰਾ ਚਲਾਈਆਂ ਸਮਾਜ ਸੇਵੀ ਮੁਹਿੰਮਾਂ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੋਵੇ।
- ਐੱਨ.ਸੀ.ਸੀ ਦਾ ਕੋਈ ਵੀ ਇਨਾਮ ਪ੍ਰਾਪਤ ਕਰਨ ਲਈ ਐੱਨ.ਸੀ.ਸੀ ਅਫ਼ਸਰ ਦੁਆਰਾ ਸਰਵਉੱਤਮ ਕੈਡਿਟ ਰਿਪੋਰਟ ਲੈਣੀ ਜ਼ਰੂਰੀ ਹੈ।

**ਕਾਲਜ ਕਲਰ (ਐੱਨ.ਐੱਸ.ਐੱਸ.)**

- ਜਿਨ੍ਹਾਂ ਨੇ 3 ਸਾਲਾ ਦੌਰਾਨ 3 ਦਸ ਰੋਜ਼ਾ ਕੈਂਪ, ਅਤੇ ਕਾਲਜ ਵਿੱਚ 3 ਸਾਲਾ ਦੌਰਾਨ 15 ਇੱਕ ਰੋਜ਼ਾ ਕੈਂਪ ਲਗਾਏ ਹੋਣ।
- 3 ਵਾਰ ਖੂਨਦਾਨ ਕੀਤਾ ਹੋਵੇ ਜਾਂ ਹਸਪਤਾਲ ਵਿੱਚ ਬੇਸਹਾਰਾ ਮਰੀਜ਼ਾਂ ਦੀ ਸੇਵਾ ਵਿੱਚ 36 ਘੰਟੇ ਲਾਏ ਹੋਣ ਜਾਂ ਬਾਲਗ ਵਿੱਦਿਆ ਵਿੱਚ ਯੋਗਦਾਨ ਪਾਇਆ ਹੋਵੇ।
- ਐੱਨ.ਐੱਸ.ਐੱਸ. ਕੈਂਪਾਂ ਵਿੱਚ ਲੀਡਰ ਦੀ ਭੂਮਿਕਾ ਨਿਭਾਈ ਹੋਵੇ ਅਤੇ ਕਾਲਜ ਦੇ ਸਮਾਰੋਹਾਂ ਨੂੰ ਸਫ਼ਲ ਬਣਾਉਣ ਵਿੱਚ ਅਹਿਮ ਯੋਗਦਾਨ ਪਾਇਆ ਹੋਵੇ।
- **ਟੀਮ ਦੀ ਸੂਰਤ ਵਿੱਚ ਕਾਲਜ ਕਲਰ ਪ੍ਰਦਾਨ ਕਰਨ ਦੀ ਪ੍ਰਤੀਸ਼ਤ ਇਸ ਪ੍ਰਕਾਰ ਹੋਵੇਗੀ:-**

| | | | |
|---|---|---|---|
| ਅੰਤਰ ਜ਼ੋਨਲ ਜੇਤੂ | : 100% | ਅੰਤਰ ਜ਼ੋਨਲ ਸੈਕਿੰਡ | : 50% |
| ਜ਼ੋਨਲ ਜੇਤੂ | : 4 (ਚਾਰ) | ਜ਼ੋਨਲ ਸੈਕਿੰਡ | : 2 (ਦੋ) |

**ਮੈਰਿਟ ਸਰਟੀਫ਼ਿਕੇਟ**

- ਘਰੇਲੂ ਪ੍ਰੀਖਿਆਵਾਂ ਵਿੱਚੋਂ ਹਰ ਵਿਸ਼ੇ ਵਿੱਚੋਂ ਪਹਿਲੇ, ਦੂਜੇ ਅਤੇ ਤੀਜੇ ਸਥਾਨ ਤੇ ਰਹਿਣ ਵਾਲੇ ਵਿਦਿਆਰਥੀਆਂ ਨੂੰ ਮੈਰਿਟ ਸਰਟੀਫ਼ਿਕੇਟ ਦਿੱਤੇ ਜਾਣਗੇ।
- ਅੰਤਰ-ਕਾਲਜ ਜਾਂ ਕਾਲਜ ਪੱਧਰ ਤੇ ਖੇਡਾਂ, ਐਂਨ ਐੱਸ ਐੱਸ, ਐਂਨ ਸੀ ਸੀ, ਸੱਭਿਆਚਾਰਕ ਅਤੇ ਸਹਿ-ਵਿੱਦਿਅਕ ਗਤੀਵਿਧੀਆਂ ਮੁਕਾਬਲਿਆਂ ਵਿੱਚ ਪਹਿਲਾ, ਦੂਜਾ ਤੇ ਤੀਜਾ ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਵੀ ਮੈਰਿਟ-ਸਰਟੀਫਿਕੇਟ ਪ੍ਰਦਾਨ ਕੀਤੇ ਜਾਣਗੇ।
- **ਨੋਟ : ਰੋਲ ਆਫ਼ ਆਨਰ, ਕਾਲਜ ਕਲਰ ਜਾਂ ਮੈਰਿਟ ਸਰਟੀਫ਼ਿਕੇਟ ਪ੍ਰਦਾਨ ਕਰਨ ਲਈ ਫੈਸਲਾ ਉਸ ਕਮੇਟੀ ਦੁਆਰਾ ਲਿਆ ਜਾਵੇਗਾ ਜੋ ਕਿ ਪ੍ਰਿੰਸੀਪਲ ਦੁਆਰਾ ਵਿਸ਼ੇਸ਼ ਤੌਰ ਤੇ ਗਠਿਤ ਕੀਤੀ ਜਾਵੇਗੀ। ਸੈਸ਼ਨ ਦੌਰਾਨ ਇਹਨਾਂ ਨਿਯਮਾਂ ਵਿੱਚ ਪਰਿਵਰਤਨ ਵੀ ਕੀਤਾ ਜਾ ਸਕਦਾ ਹੈ।**

## ਪੰਜਾਬ ਸਰਕਾਰ/ਭਾਰਤ ਸਰਕਾਰ ਵੱਲੋਂ ਵਿਦਿਆਰਥੀਆਂ ਨੂੰ ਦਿੱਤੇ ਜਾਣ ਵਾਲੇ ਵਜ਼ੀਫਿਆਂ ਸਬੰਧੀ ਜਾਣਕਾਰੀ

| ਵਜ਼ੀਫੇ ਦਾ ਨਾਂ | ਵਜ਼ੀਫੇ ਲਈ ਹੱਕਦਾਰ ਵਿਦਿਆਰਥੀ ਅਤੇ ਸ਼ਰਤਾਂ | ਆਮਦਨ ਸੀਮਾ | ਨੱਥੀ ਕਰਨਯੋਗ ਦਸਤਾਵੇਜ਼ |
|---|---|---|---|
| Post-Matric Scholarship for SC/ST<br>: | ਅਨੁਸੂਚਿਤ ਜਾਤੀ/ ਅਨੁਸੂਚਿਤ ਕਬੀਲੇ ਦੇ ਵਿਦਿਆਰਥੀ ਜਿਹੜੇ ਕੋਈ ਹੋਰ ਵਜ਼ੀਫਾ ਨਹੀਂ ਲੈ ਰਹੇ।<br>ਕਲਾਸਾਂ ਵਿੱਚ 75% ਹਾਜ਼ਰੀ ਲਾਜ਼ਮੀ ਹੈ। | ਸਾਲਾਨਾ ਆਮਦਨ 2,50,000/- ਰੁਪਏ (ਦੋ ਲੱਖ ਪੰਜਾਹ ਹਜ਼ਾਰ ਰੁਪਏ) ਤੋਂ ਵੱਧ ਨਾ ਹੋਵੇ। | • ਦਾਖ਼ਲਾ ਲੈਣ ਸੰਬੰਧੀ ਸਵੈ-ਘੋਸ਼ਣਾ<br>• ਫ੍ਰੀਸ਼ਿੱਪ ਕਾਰਡ<br>• ਆਨਲਾਈਨ ਅਪਲਾਈ ਕੀਤੇ ਫਾਰਮ ਦਾ ਪ੍ਰਿੰਟ<br>• ਪੋਰਟਲ ਤੇ ਅਪਲੋਡ ਕੀਤਾ ਜਾਣ ਵਾਲਾ ਹਲਫੀਆ ਬਿਆਨ<br>• ਕਾਲਜ ਦਾ ਦਾਖਲਾ ਫਾਰਮ ਵਿਦਿਆਰਥੀ ਦਾ ਆਧਾਰ ਕਾਰਡ<br>• ਮਾਤਾ/ਪਿਤਾ ਦਾ ਆਧਾਰ ਕਾਰਡ<br>• ਜਾਤੀ ਸਰਟੀਫਿਕੇਟ<br>• ਪੰਜਾਬ ਰਿਹਾਇਸ਼ੀ ਸਰਟੀਫਿਕੇਟ<br>• ਮਾਤਾ/ਪਿਤਾ ਦਾ ਤਹਿਸੀਲਦਾਰ ਵੱਲੋਂ ਜਾਰੀ ਤਾਜ਼ਾ ਆਮਦਨ ਸਰਟੀਫਿਕੇਟ<br>ਜਾਂ<br>• ਨੌਕਰੀ ਪੇਸ਼ਾ ਲਈ ਵਿਭਾਗ ਮੁਖੀ ਵੱਲੋਂ ਜਾਰੀ ਆਮਦਨ ਸਰਟੀਫਿਕੇਟ<br>• ਮੈਟ੍ਰਿਕ ਦਾ ਸਰਟੀਫਿਕੇਟ ਪਿਛਲੀ ਪ੍ਰੀਖਿਆ ਦਾ ਸਰਟੀਫਿਕੇਟ<br>• ਵਿਦਿਆਰਥੀ ਦੇ ਆਧਾਰ ਕਾਰਡ ਨਾਲ ਲਿੰਕ ਬੈਂਕ ਖਾਤੇ ਦੀ ਕਾਪੀ<br>• ਰੀਨਿਊਨਲ ਸਬੰਧੀ ਫਾਰਮ (ਕੇਵਲ ਰੀਨਿਊ ਵਿਦਿਆਰਥੀਆਂ ਲਈ)<br>• ਹਾਜ਼ਰੀ ਸ਼ੀਟ (ਅਪਲਾਈ ਕਰਨ ਸਮੇਂ) |

| ਵਜ਼ੀਫੇ ਦਾ ਨਾਂ | ਵਜ਼ੀਫੇ ਲਈ ਹੱਕਦਾਰ ਵਿਦਿਆਰਥੀ ਅਤੇ ਸ਼ਰਤਾਂ | ਆਮਦਨ ਸੀਮਾ | ਨੱਥੀ ਕਰਨਯੋਗ ਦਸਤਾਵੇਜ਼ |
|---|---|---|---|
| Post-Matric Scholarship for OBC | OBC ਵਿਦਿਆਰਥੀ ਜਿਹੜੇ ਕੋਈ ਹੋਰ ਵਜ਼ੀਫਾ ਨਹੀਂ ਲੈ ਰਹੇ। ਵਿਦਿਆਰਥੀ ਕਲਾਸਾਂ ਵਿੱਚ 75% ਹਾਜ਼ਰੀ ਯਕੀਨੀ ਬਣਾਏ। ਪਿਛਲੀ ਕਲਾਸ ਵਿੱਚ 60% ਨੰਬਰ ਲਾਜ਼ਮੀ ਹਨ। | ਸਾਲਾਨਾ ਆਮਦਨ 1,50,000/- ਰੁਪਏ (ਇੱਕ ਲੱਖ ਪੰਜਾਹ ਹਜ਼ਾਰ ਰੁਪਏ) ਤੋਂ ਵੱਧ ਨਾ ਹੋਵੇ। | ਅਪਲਾਈ ਕਰਨ ਸਮੇਂ ਭਾਰਤ ਸਰਕਾਰ / ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਲੋੜੀਂਦੇ ਦਸਤਾਵੇਜ਼ |
| Central Scholarship for students with disability | 40% ਜਾਂ ਇਸ ਤੋਂ ਵੱਧ ਦਿਵਿਆਂਗ ਵਿਦਿਆਰਥੀ ਜਿਹੜੇ ਕੋਈ ਹੋਰ ਵਜ਼ੀਫਾ ਨਹੀਂ ਲੈ ਰਹੇ। | ਸਾਲਾਨਾ ਆਮਦਨ 2,50,000/- ਰੁਪਏ (ਦੋ ਲੱਖ ਪੰਜਾਹ ਹਜ਼ਾਰ ਰੁਪਏ) ਤੋਂ ਵੱਧ ਨਾ ਹੋਵੇ। | ਅਪਲਾਈ ਕਰਨ ਸਮੇਂ ਭਾਰਤ ਸਰਕਾਰ / ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਲੋੜੀਂਦੇ ਦਸਤਾਵੇਜ਼ |
| Central Sector Scheme for Minorities (Muslim, Sikh, Jain,Budh, Parsis and Cristians ) | Minorities ਦੇ ਉਹ ਵਿਦਿਆਰਥੀ ਜਿਹੜੇ ਕੋਈ ਹੋਰ ਵਜ਼ੀਫਾ ਨਹੀਂ ਲੈ ਰਹੇ। ਪਿਛਲੀ ਕਲਾਸ ਵਿੱਚ 50% ਜਾਂ ਇਸ ਤੋਂ ਵੱਧ ਨੰਬਰ ਹੋਣ। ਵਿਦਿਆਰਥੀ ਕਲਾਸਾਂ ਵਿੱਚ 75% ਹਾਜ਼ਰੀ ਯਕੀਨੀ ਬਣਾਏ। | ਸਾਲਾਨਾ ਆਮਦਨ 2,00,000/- ਰੁਪਏ (ਦੋ ਲੱਖ ਰੁਪਏ) ਤੋਂ ਵੱਧ ਨਾ ਹੋਵੇ। | ਅਪਲਾਈ ਕਰਨ ਸਮੇਂ ਭਾਰਤ ਸਰਕਾਰ / ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਲੋੜੀਂਦੇ ਦਸਤਾਵੇਜ਼ |
| Central Sector Scheme for College and University Students (Only for Entry classes) | ਉਹ ਹੋਣਹਾਰ ਵਿਦਿਆਰਥੀ ਜਿਨ੍ਹਾਂ ਦੇ 10+2 ਵਿੱਚ 80% ਤੋਂ ਵੱਧ ਨੰਬਰ ਹੋਣ ਵਿਦਿਆਰਥੀ ਕਲਾਸਾਂ ਵਿੱਚ 75% ਹਾਜ਼ਰੀ ਯਕੀਨੀ ਬਣਾਏ। | ਸਾਲਾਨਾ ਆਮਦਨ 4,50,000/- ਰੁਪਏ (ਚਾਰ ਲੱਖ ਪੰਜਾਹ ਹਜ਼ਾਰ ਰੁਪਏ) ਤੋਂ ਵੱਧ ਨਾ ਹੋਵੇ। | ਅਪਲਾਈ ਕਰਨ ਸਮੇਂ ਭਾਰਤ ਸਰਕਾਰ / ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਲੋੜੀਂਦੇ ਦਸਤਾਵੇਜ਼ |

## ਵਜ਼ੀਫ਼ਿਆਂ ਸਬੰਧੀ ਹੋਰ ਸੂਚਨਾ

- ਐੱਸ. ਸੀ. / ਐੱਸ.ਟੀ. ਵਜੀਫ਼ਾ ਅਪਲਾਈ ਕਰਨ ਲਈ ਵੈਬਸਾਈਟ www.scholarships.punjab.gov.in ਹੈ।

  ਸੈਂਟਰਲ ਸਕਾਲਰਸ਼ਿਪ ਸਕੀਮਾਂ ਦੇ ਸਾਰੇ ਵਜ਼ੀਫ਼ਿਆਂ ਵਾਸਤੇ ਅਪਲਾਈ ਕਰਨ ਲਈ ਅਤੇ ਵਧੇਰੇ ਜਾਣਕਾਰੀ ਹਾਸਲ ਕਰਨ ਲਈ ਵੈੱਬਸਾਈਟ www.scholarships.gov.in ਹੈ।ਅਪਲਾਈ ਕਰਨ ਦੀਆਂ ਆਖਰੀ ਮਿਤੀਆਂ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਹੋਣਗੀਆਂ।
- • ਐਂਟਰੀ ਕੋਰਸਾਂ ਲਈ ਵਿਦਿਆਰਥੀਆਂ ਨੇ ਫ੍ਰੀਸ਼ਿਪ ਕਾਰਡ ਅਪਲਾਈ ਕਰਨਾ ਹੈ। ਭਾਗ ਦੂਜਾ ਅਤੇ ਭਾਗ ਤੀਜਾ ਦੇ ਵਿਦਿਆਰਥੀਆਂ ਨੇ ਪਿਛਲੇ ਸਾਲ ਦਾ ਫ੍ਰੀਸ਼ਿਪ ਕਾਰਡ ਨੱਥੀ ਕਰਨਾ ਹੈ।
- ਵਿਦਿਆਰਥੀ ਆਪਣੇ ਯੂਜ਼ਰ ਆਈ.ਡੀ ਅਤੇ ਪਾਸਵਰਡ ਸਮੇਤ ਆਨਲਾਈਨ ਫਾਰਮ ਦੀ ਕਾਪੀ ਆਪਣੇ ਕੋਲ ਸੰਭਾਲ ਕੇ ਰੱਖਣਗੇ। ਵਿਦਿਆਰਥੀ ਆਪਣਾ ਸਕਾਲਰਸ਼ਿਪ ਸਟੇਟਸ ਆਨਲਾਈਨ ਵੀ ਚੈੱਕ ਕਰ ਸਕਦੇ ਹਨ।
- ਸਹੀ ਮੋਬਾਈਲ ਨੰਬਰ, ਸਹੀ ਈ-ਮੇਲ ਐਡਰੈੱਸ ਅਤੇ ਸਹੀ ਆਧਾਰ ਨੰਬਰ ਦਾ ਹੋਣਾ ਬਹੁਤ ਜ਼ਰੂਰੀ ਹੈ।
- ਵਜ਼ੀਫੇ ਲਈ ਵਿਦਿਆਰਥੀ ਆਪਣੇ ਮਾਤਾ/ਪਿਤਾ ਜਾਂ ਸਰਪ੍ਰਸਤ ਵੱਲੋਂ ਸਾਰੇ ਵਸੀਲਿਆਂ ਤੋਂ ਹੁੰਦੀ ਆਮਦਨ ਸੰਬੰਧੀ ਕੇਵਲ ਤਹਿਸੀਲਦਾਰ ਵੱਲੋਂ ਜਾਰੀ ਤਾਜ਼ਾ ਆਮਦਨ ਸਰਟੀਫਿਕੇਟ ਦੇਣਗੇ ਜਦੋਂ ਕਿ ਸਰਕਾਰੀ ਨੌਕਰੀ ਵਾਲੇ ਮਾਤਾ/ਪਿਤਾ ਆਪਣੇ ਡੀ ਡੀ ਓ ਵੱਲੋਂ ਤਸਦੀਕ-ਸ਼ੁਦਾ ਤਾਜ਼ਾ ਆਮਦਨ ਸਰਟੀਫਿਕੇਟ ਦੇਣਗੇ ਅਤੇ ਹੋਰ ਕਿਸੇ ਆਮਦਨ ਸਬੰਧੀ ਵੇਰਵਾ ਨਾਨ-ਜੁਡੀਸ਼ੀਅਲ ਸਟੈਂਫ ਪੇਪਰ ਤੇ ਦੇਣਗੇ।
- ਵਿਦਿਆਰਥੀ ਕਿਸੇ ਵੀ ਸਹਾਇਤਾ ਲਈ ਕਾਲਜ ਵਿਖੇ ਵਜ਼ੀਫਾ ਸ਼ਾਖਾ ਨੂੰ ਸੰਪਰਕ ਕਰ ਸਕਦੇ ਹਨ।

## Specimen of Affidavit for Mudhla Gyan

I ..........................................................................................................................................
S/o / D/o.......................................................................................... R/o do hereby solemnly affirm and declare under:-

1. I am defence Personnel.
2. That I belong to ........................................................ State.
3. That my son / daughter namely .................................... want to get admission in Govt. College Ropar in class ...........................
4. That my ward has not studied Punjabi in any lower class. So my ward may kindly be given Punjabi Compulsory (Mudhla Gyan) in liew of Punjabi Subject.
5. That he /she has not studied Punjabi at the School Level.
6. That he/she has not qualified for the Punjabi Language test.
7. That I Undertake to abide by any term & conditions imposed in this regard.

Deponment/Parents/Guardian

· The student must submit his/her cased along with all documents immediately after admission and has to send it to the Punjabi University. In case of dealy they would have to pay late fee of Rs. 1000/- to Rs. 2500/- four further delay.

· In case of denial from university the student wil not be permitted to study Punjabi Commpulsory Mudhla Gyan.

| | | |
|---|---|---|
| 1. | Summer Vacations | 01.07.2023 to 31.07.2023 |
| 2. | Student Assembly | 01.08.2023 |
| 3. | Term of Semester I, III, V | 01.08.2023 to 30.11.2023 For UG<br>16.08.2023 to 08.11.2023 For PG |
| 4. | Meeting of PTA General House | First week of August 2023 |
| 5. | Recruitment for Volunteers of NCC & NSS | August 2023 |
| 6. | Talent Hunt | First Week of September 2023 |
| 7. | Zonal Youth Festival ` | September - October 2023 |
| 8. | Mid Semester Test | First Week of October 2023 |
| 9. | Final Exams of Semester I,III,V | UG 01.12.2023<br>PG 11.12.2023 |
| 10. | Winter Vacations | 25.12.2023 to 07.01.2024 |
| 11. | Term of Semester II,IV,VI | 08.01.2024 to 30.04.2024 |
| 12. | Sports Function | last week of February 2024 |
| 13. | Mid Semester Test | Last week of March 2024 |
| 14. | Annual Convocation | March 2024 |
| 15. | Annual Prize Distribution Function | Last Week of April 2024 |
| 16. | Exams of Semester II, IV, VI | 05.05.2024 |

# ਆਚਰਣ ਸਰਟੀਫਿਕੇਟ (ਨਮੂਨਾ ਫ਼ਾਰਮ)

(ਕੇਵਲ ਪ੍ਰਾਈਵੇਟ ਅਤੇ ਗੈਪ ਕੇਸ ਵਿਦਿਆਰਥੀਆਂ ਲਈ)

ਤਸਦੀਕ ਕੀਤਾ ਜਾਂਦਾ ਹੈ ਕਿ ............................... ਪੁੱਤਰ / ਪੁੱਤਰੀ ............................... ਮਕਾਨ ਨੰਬਰ ................. ਪਿੰਡ/ਡਾਕ .................... ਤਹਿਸੀਲ ......... ਜਿਲ੍ਹਾ ................ ਦਾ ਵਸਨੀਕ ਹੈ। ਇਸ ਨੂੰ ਮੈਂ ਜਾਤੀ ਤੌਰ ਤੇ ਜਾਣਦਾ ਹਾਂ। ਇਸ ਦਾ ਕਿਸੇ ਸਿਆਸੀ ਪਾਰਟੀ ਅਤੇ ਗੈਰ ਸਮਾਜਿਕ ਸੰਗਠਨ ਨਾਲ ਕੋਈ ਸਬੰਧ ਨਹੀਂ ਹੈ ਅਤੇ ਨਾ ਹੀ ਇਸ ਦੇ ਖਿਲਾਫ ਕੋਈ ਪੁਲਿਸ ਕੇਸ/ਕੋਰਟ ਕੇਸ ਹੈ। ਇਸ ਦਾ ਆਚਰਣ ਬਿਲਕੁਲ ਸਹੀ ਅਤੇ ਤਸੱਲੀਬਖਸ਼ ਹੈ।

ਹਸਤਾਖ਼ਰ (ਸਰਪੰਚ /ਐਮ.ਸੀ.)
(ਮੋਹਰ ਅਤੇ ਮਿਤੀ ਸਮੇਤ)

# ਗੈਪ ਕੇਸ ਲਈ ਮਾਪਿਆਂ ਵੱਲੋਂ ਸਵੈ ਹਲਫੀਆ ਬਿਆਨ (ਨਮੂਨਾ ਫ਼ਾਰਮ)

ਮੈਂ ਸ਼੍ਰੀ/ਸ਼੍ਰੀਮਤੀ ............................... ਪੁੱਤਰ /ਪੁੱਤਰੀ ................... ਵਾਸੀ ਮਕਾਨ ਨੰਬਰ........................ ਤਹਿਸੀਲ ..................... ਜਿਲ੍ਹਾ .............. ਅਨੁਸਾਰ ਸਵੈ ਹਲਫੀਆ ਬਿਆਨ ਕਰਦਾ ਹਾਂ ਕਿ :-

1. ਮੈਂ ਉਪਰੋਕਤ ਪਤੇ ਦਾ ਪੱਕਾ ਵਸਨੀਕ ਹਾਂ।

2. ਮੇਰੀ ਪੁੱਤਰ/ਪੁੱਤਰੀ .......................ਨੇ ਸੈਸ਼ਨ ....................... ਵਿੱਚ 10+2 ਪਾਸ ਕੀਤੀ ਹੈ।

3. ਇਸ ਤੋਂ ਬਾਅਦ ਉਸ ਨੇ ਕਿਸੇ ਵੀ ਸੰਸਥਾ ਵਿੱਚ ਦਾਖ਼ਲਾ ਨਹੀਂ ਲਿਆ ਅਤੇ ਨਾ ਹੀ ਉਸਨੂੰ ਕਿਸੇ ਸੰਸਥਾ ਵੱਲੋਂ ਅਯੋਗ ਕਰਾਰ ਦਿੱਤਾ ਗਿਆ ਹੈ।

4. ਮੇਰੇ ਪੁੱਤਰ /ਪੁੱਤਰੀ ਨੇ ਇਸ ਸਮੇਂ ਦੌਰਾਨ .......... ....................... ਕੰਮ ਕੀਤਾ ਹੈ।

5. ਇਸ ਦਾ ਕਿਸੇ ਸਿਆਸੀ ਪਾਰਟੀ ਅਤੇ ਗ਼ੈਰ-ਸਮਾਜਿਕ ਸੰਗਠਨ ਨਾਲ ਕੋਈ ਸੰਬੰਧ ਨਹੀਂ ਹੈ ਅਤੇ ਨਾ ਹੀ ਇਸ ਦੇ ਖਿਲਾਫ਼ ਕੋਈ ਪੁਲਿਸ ਕੇਸ / ਕੋਰਟ ਕੇਸ ਹੈ।

6. ਮੈਂ ਕਿਸੇ ਵੀ ਤਰ੍ਹਾਂ ਦੀ ਅਨੁਸ਼ਾਸ਼ਨਹੀਣਤਾ ਅਤੇ ਗ਼ੈਰ-ਜਿੰਮੇਵਾਰਨਾ ਵਿਵਹਾਰ ਲਈ ਇਸ ਦੀ ਜ਼ਿੰਮੇਵਾਰੀ ਲੈਂਦਾ/ਲੈਂਦੀ ਹਾਂ।

ਹਸਤਾਖ਼ਰ (ਸਰਪੰਚ /ਐਮ.ਸੀ.)

ਮਾਪਿਆਂ ਦੇ ਹਸਤਾਖਰ
(ਮੋਹਰ ਅਤੇ ਮਿਤੀ )

ਸੇਵਾ ਵਿਖੇ

ਜਨਰਲ ਮੈਨੇਜਰ,
ਪੰਜਾਬ ਰੋਡਵੇਜ਼,
ਰੂਪਨਗਰ।

ਵਿਸ਼ਾ : ਵਿਦਿਆਰਥੀ ਬੱਸ ਪਾਸ ਲਈ ਬਿਨੈ-ਪੱਤਰ ।

ਸ਼੍ਰੀਮਾਨ ਜੀ,

ਬੇਨਤੀ ਹੈ ਕਿ ਮੈਂ ਸਰਕਾਰੀ ਕਾਲਜ ਰੋਪੜ ਦਾ ਰੈਗੂਲਰ ਵਿਦਿਆਰਥੀ ਹਾਂ। ਕਾਲਜ ਤੋਂ ਮੇਰੇ ਘਰ ਦੀ ਦੂਰੀ 60 ਕਿਲੋਮੀਟਰ ਦੇ ਅੰਦਰ ਹੈ। ਮੇਰੇ ਵੇਰਵੇ ਨਿਮਨ ਅਨੁਸਾਰ ਹੈ:-

| ਨਾਮ | ਰੋਲ ਨੰਬਰ | ਕਲਾਸ | ਵਿਭਾਗ | ਸੈਸ਼ਨ |
|---|---|---|---|---|
| | | | | |

ਪਿਤਾ ਦਾ ਨਾਂ ............................ ਘਰ ਦਾ ਪਤਾ ................................ ਮੇਰੇ ਪਿੰਡ ਨੂੰ ਸਰਕਾਰੀ ਬੱਸ ਦਾ ......................... ਬੱਸ ਸਟਾਪ ਲਗਦਾ ਹੈ।

ਮੈਂ ਹੋਸਟਲ ਦਾ ਵਸਨੀਕ ਨਹੀਂ ਹਾਂ। ਮੈਂ ਕਿਸੇ ਕਿਸਮ ਦੀ ਸਰਕਾਰੀ / ਗੈਰ-ਸਰਕਾਰੀ ਨੌਕਰੀ ਨਹੀਂ ਕਰਦਾ/ਕਰਦੀ।

ਮੈਂ ਕਿਸੇ ਸੰਸਥਾ ਤੋਂ ਵਜੀਫ਼ਾ / ਮਾਣ ਭੱਤਾ ਨਹੀਂ ਲੈ ਰਿਹਾ/ਰਹੀਂ ਹਾਂ।

ਮੇਰੇ ਦਾਖ਼ਲੇ ਦੀ ਮਿਤੀ ..................... ਹੈ। ਇਸ ਲਈ ਮੈਨੂੰ ਮਿਤੀ .................... ਤੋਂ .................... ਤੱਕ ਲਈ .................. ਤੋਂ ................ ਤੱਕ ਪਿਛਲਾ ਬੱਸ ਪਾਸ ਰਸੀਦ ਨੰਬਰ .................ਮਿਤੀ ................. ਨੂੰ ਖ਼ਤਮ ਹੋ ਗਿਆ ਹੈ। ਮੈਂ ਬਸ ਪਾਸ ਪਹਿਲੀ ਵਾਰ ਬਣਵਾ ਰਿਹਾ/ਰਹੀ ਹਾਂ।

ਉਪਰੋਕਤ ਵੇਰਵੇ ਦੇ ਆਧਾਰ ਤੇ ਕ੍ਰਿਪਾ ਕਰਕੇ ਮੇਰਾ ਰਿਆਇਤੀ ਵਿਦਿਆਰਥੀ ਬੱਸ ਪਾਸ ਜਾਰੀ ਕੀਤਾ ਜਾਵੇ। ਮੇਰੇ ਉਪਰੋਕਤ ਵੇਰਵੇ ਗਲਤ ਸਾਬਤ ਹੋਣ ਤੇ ਕਿਰਾਏ ਦਾ 10 ਗੁਣਾਂ ਜਾਂ ਕਿਸੇ ਵੀ ਕਾਰਨ ਬਣਦੀ ਰਕਮ ਦੇਣ ਲਈ ਰਜਾਮੰਦ ਹਾਂ। ਪਾਸ ਜਾਰੀ ਹੋਣ ਤੋਂ ਮੈਂ ਪੰਜਾਬ ਰੋਡਵੇਜ ਦੀਆਂ ਹਦਾਇਤਾਂ ਦੀ ਜਿੰਮੇਵਾਰੀ ਲੈਂਦਾ /ਲੈਂਦੀ ਹਾਂ।

ਧੰਨਵਾਦ ਸਹਿਤ।

ਆਪ ਜੀ ਦਾ ਵਿਸ਼ਵਾਸਪਾਤਰ

ਹਸਤਾਖਰ

ਅਧਿਕਾਰੀ ਵੱਲੋਂ ਭਰਿਆ ਜਾਵੇ

ਤਸਦੀਕ ਕੀਤਾ ਜਾਂਦਾ ਹੈ ਕਿ ......................... ਪੁੱਤਰ /ਪੁੱਤਰੀ ......................... ਰੋਲ ਨੰ......................... ਕਲਾਸ .........................ਵਿਭਾਗ .........................ਦੇ ਅਧੀਨ ਇਸ ਸੰਸਥਾ /ਕਾਲਜ ਦਾ ਪੱਕਾ ਵਿਦਿਆਰਥੀ ਹੈ, ਉਕਤ ਸੰਸਥਾ /ਤਕਨੀਕੀ ਕਾਲਜਾਂ ਨੂੰ ਤਕਨੀਕੀ ਸਿੱਖਿਆ ਵਿਭਾਗ ਵੱਲੋਂ ਉਕਤ ਕੋਰਸ ਲਈ ਪੱਤਰ ਨੰ......................... ਮਿਤੀ ......................... ਦੀ ਲੜੀ ਨੰ......................... ਰਾਹੀਂ ਬੱਸ ਪਾਸ ਬਨਾਉਣ ਅਤੇ ਘਾਟੇ ਦੀ ਪ੍ਰਤੀਪੂਰਤੀ ਤਕਨੀਕੀ ਸਿੱਖਿਆ ਵਿਭਾਗ ਵੱਲੋਂ / ਡਾਇਰੈਕਟਰ ਕਾਲਜ /ਆਈ.ਟੀ.ਆਈ ਵੱਲੋਂ ਕਰਨ ਦੀ ਸਹਿਮਤੀ ਪ੍ਰਾਪਤ ਹੋਈ ਹੈ।

ਬਿਨਾਂ ਸਹਿਮਤੀ ਪੱਤਰ ਦੇ ਅਰਜ਼ੀ ਸਿਫਾਰਸ਼ ਕਰਨ ਦੀ ਸੂਰਤ ਵਿੱਚ ਪੰਜਾਬ ਰੋਡਵੇਜ਼ ਨੂੰ ਇਸ ਘਾਟੇ ਦੀ ਪ੍ਰਤੀਪੂਰਤੀ ਲਈ ਸਬੰਧਤ ਸੰਸਥਾ /ਮੁਖੀ ਜ਼ਿੰਮੇਵਾਰ ਹੋਵੇਗਾ। ਇਸ ਤੋਂ ਇਲਾਵਾ ਇਹ ਵੀ ਤਸਦੀਕ ਕੀਤਾ ਜਾਂਦਾ ਹੈ ਕਿ ਇਹ ਕਾਲਜ ਪੰਜਾਬ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ। ਪੰਜਾਬ ਸਰਕਾਰ ਦੇ ਨਿਯਮਾਂ ਅਨੁਸਾਰ ਇਸ ਦਾ ਬਣਦਾ ਕਲੇਮ ਦਿਵਾਉਣ ਲਈ ਮੈਂ ਵਚਨਬੱਧ ਹਾਂ।

ਪ੍ਰਿੰਸੀਪਲ/ਵਿਭਾਗ ਦਾ ਮੁਖੀ

ਜ਼ਰੂਰੀ ਸੂਚਨਾ :

1. ਰਿਹਾਇਸ਼ ਦੇ ਸਬੂਤ ਲਈ ਰਾਸ਼ਨ ਕਾਰਡ/ਡੋਮੀਸਾਇਲ ਸਰਟੀਫਿਕੇਟ ਦੀ ਫੋਟੋ ਕਿਸੇ ਗਜਟਿਡ ਅਫ਼ਸਰ ਤੋਂ ਤਸਦੀਕਸ਼ੁਦਾ ਹੋਵੇ ਜਾਣ ਮੈਜਿਸਟਰੇਟ ਵੱਲੋਂ ਤਸਦੀਕ ਸ਼ੁਦਾ ਹਲਫੀਆ ਬਿਆਨ ਨਾਲ ਨੱਥੀ ਕਰੋ।
2. ਪੁਰਾਣਾ ਬੱਸ ਪਾਸ ਨਾਲ ਲਗਾਓ। ਪਾਸ ਗੁੰਮ ਹੋਣ ਦੀ ਸੂਰਤ ਵਿੱਚ ਪੁਲਿਸ ਰਿਪੋਰਟ ਨਾਲ ਨੱਥੀ ਕਰੋ।

1. ਕਾਲਜ ਵਿੱਚ ਵਿਦਿਆਰਥੀ ਆਪਣੇ ਸ਼ਨਾਖਤੀ ਕਾਰਡ ਗਲੇ ਵਿੱਚ ਪਾ ਕੇ ਰੱਖਣਗੇ। ਬਿਨ੍ਹਾਂ ਸ਼ਨਾਖਤੀ ਕਾਰਡ ਕੈਂਪਸ ਵਿੱਚ ਆਉਣ ਦੀ ਆਗਿਆ ਨਹੀਂ ਹੈ।
2. ਵਿਦਿਆਰਥੀ ਉਚਿਤ ਸਲੀਕੇ ਵਾਲਾ ਪਹਿਰਾਵੇ ਵਿੱਚ ਕਾਲਜ ਆਉਣਗੇ।
3. ਕਾਲਜ ਵਿੱਚ ਬਾਹਰਲੇ ਅਨਸਰਾਂ ਜਾਂ ਦੋਸਤ ਮਿੱਤਰਾਂ ਨੂੰ ਲੈ ਕੇ ਆਉਣ ਦੀ ਸਖਤ ਮਨਾਹੀ ਹੈ।
4. ਜੇਕਰ ਕਿਸੇ ਵਿਦਿਆਰਥੀ ਦੇ ਮਾਤਾ/ਪਿਤਾ ਜਾਂ ਰਿਸ਼ਤੇਦਾਰ ਵਿਦਿਆਰਥੀ ਨੂੰ ਮਿਲਣ ਲਈ ਆਉਂਦੇ ਹਨ ਤਾਂ ਇਸ ਸੰਬੰਧੀ ਕਾਲਜ ਦਫਤਰ ਤੋਂ ਆਗਿਆ ਲੈਣੀ ਜ਼ਰੂਰੀ ਹੈ।
5. ਵਿਦਿਆਰਥੀ ਆਪਣੇ ਵਿਹਲੇ ਪੀਰੀਅਡ ਵਿੱਚ ਲਾਇਬ੍ਰੇਰੀ/ਕੰਟੀਨ ਜਾਂ ਲੜਕੇ ਅਤੇ ਲੜਕੀਆਂ ਲਈ ਨਿਸ਼ਚਿਤ ਕੀਤੇ ਲਾਅਨਜ਼ ਵਿੱਚ ਹੀ ਬੈਠਣਗੇ।
6. ਵਰਾਂਡਿਆਂ ਅਤੇ ਕੋਰੀਡੋਰਾਂ ਵਿੱਚ ਬਿਨਾਂ ਵਜਾ ਖੜੇ ਹੋਣ ਅਤੇ ਆਵਾਜਾਈ ਕਰਨ ਦੀ ਸਖਤ ਮਨਾਹੀ ਹੈ।
7. ਕਾਲਜ ਦੀ ਸੰਪਤੀ ਦੀ ਦੇਖਭਾਲ ਅਤੇ ਸੰਭਾਲ ਕਰਨਾ ਹਰ ਵਿਦਿਆਰਥੀ ਦਾ ਬੁਨਿਆਦੀ ਫਰਜ਼ ਹੈ। ਕਾਲਜ ਦੇ ਕਿਸੇ ਵੀ ਸਾਮਾਨ ਦੀ ਭੰਨਤੋੜ ਜਾਂ ਨੋਟਿਸ ਬੋਰਡ ਤੋਂ ਨੋਟਿਸ ਉਤਾਰਨ ਜਾਂ ਪਾੜਨ ਵਾਲੇ ਵਿਰੁੱਧ ਅਨੁਸ਼ਾਸ਼ਨੀ ਕਾਰਵਾਈ ਕੀਤੀ ਜਾਵੇਗੀ ਅਤੇ ਘੱਟੋ-ਘੱਟ 500/- ਰੁਪਏ ਜੁਰਮਾਨਾ ਕੀਤਾ ਜਾਵੇਗਾ।
8. ਕਾਲਜ ਵਿੱਚ ਮੋਬਾਈਲ ਫੋਨ ਦੀ ਵਰਤੋਂ ਦੀ ਮਨਾਹੀ ਹੈ।
9. ਕਾਲਜ ਵਿੱਚ ਕਿਸੇ ਵੀ ਕਿਸਮ ਦਾ ਨਸ਼ਾ ਕਰਨ ਦੀ ਸਖਤ ਮਨਾਹੀ ਹੈ। ਅਜਿਹਾ ਕਰਦੇ ਸਮੇਂ ਵਿਦਿਆਰਥੀ ਨੂੰ ਤੁਰੰਤ ਕਾਲਜ ਵਿੱਚੋਂ ਕੱਢ ਦਿੱਤਾ ਜਾਵੇਗਾ।
10. ਕਾਲਜ ਵਿੱਚ ਰੈਗਿੰਗ ਦੀ ਸਖਤ ਮਨਾਹੀ ਹੈ। ਇਹ ਇੱਕ ਦੰਡਯੋਗ ਅਪਰਾਧ ਹੈ। ਕਾਲਜ ਕੈਂਪਸ ਅਤੇ ਕਾਲਜ ਕੈਂਪਸ ਦੇ ਬਾਹਰ ਜਿਹੜੇ ਵਿਦਿਆਰਥੀ ਇਸ ਵਿੱਚ ਸ਼ਾਮਲ ਹੋਣਗੇ ਉਹ ਕਾਨੂੰਨ ਅਨੁਸਾਰ ਸਜ਼ਾ ਦੇ ਭਾਗੀ ਹੋਣਗੇ।
11. ਸ਼ਨਾਖਤੀ ਕਾਰਡ ਗੁੰਮ ਹੋਣ ਉੱਤੇ ਐੱਫ. ਆਈ. ਆਰ. ਦਰਜ ਕਰਾਉਣੀ ਲਾਜ਼ਮੀ ਹੈ ਅਤੇ ਨਾਲ ਹੀ ਲੋੜੀਂਦੀ ਫੀਸ ਵੀ ਜਮ੍ਹਾਂ ਕਰਵਾਉਣੀ ਪਵੇਗੀ।
12. ਅਨੁਸ਼ਾਸ਼ਨ ਭੰਗ ਕਰਨ ਵਾਲੇ ਵਿਦਿਆਰਥੀਆਂ ਦਾ ਦਾਖ਼ਲਾ ਰੱਦ ਕੀਤਾ ਜਾ ਸਕਦਾ ਹੈ। ਅਜਿਹੇ ਵਿਦਿਆਰਥੀ ਕਾਲਜ ਵਿੱਚੋਂ ਕੱਢੇ ਵੀ ਜਾ ਸਕਦੇ ਹਨ।

# ਅਹਿਮ ਸਖ਼ਸ਼ੀਅਤਾਂ ਦੀ ਆਮਦ / ਰੂ-ਬ-ਰੂ



















# ਯੁਵਕ ਅਤੇ ਸਾਹਿਤਕ ਗਤੀਵਿਧੀਆਂ












# ਐੱਨ.ਐੱਸ.ਐੱਸ. / ਐੱਨ.ਸੀ.ਸੀ. / ਖੇਡਾਂ



















# ਸਿਹਤਮੰਦ ਰੁਝਾਨ / ਸਮਾਜਿਕ ਜ਼ਿੰਮੇਵਾਰੀ






















# ਵਰਕਸ਼ਾਪ/ਸੈਮੀਨਾਰ/ਵਿੱਦਿਅਕ ਟੂਰ





















# ਉਪਲਬਧ ਸੁਵਿਧਾਵਾਂ










# ਅਹਿਮ ਪ੍ਰਾਪਤੀਆਂ




ਪ੍ਰੋਫੈਸਰ ਅਰਵਿੰਦ, ਮਾਣਯੋਗ ਵਾਈਸ ਚਾਂਸਲਰ, ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਖੇਤਰੀ ਯੁਵਕ ਅਤੇ ਲੋਕ ਮੇਲਾ ਵਿੱਚ ਓਵਰਆਲ ਤੀਜਾ ਸਥਾਨ ਹਾਸਲ ਕਰਨ ਦਾ ਸਨਮਾਨ ਪ੍ਰਾਪਤ ਕਰਦੇ ਹੋਏ
ਕਲਚਰਲ ਕੋ-ਆਰਡੀਨੇਟਰ ਡਾ. ਹਰਜਸ ਕੌਰ ਅਤੇ ਡਾ. ਨਿਰਮਲ ਸਿੰਘ ਬਰਾੜ



ਖੇਤਰੀ ਯੁਵਕ ਅਤੇ ਲੋਕ ਮੇਲਾ ਵਿੱਚ ਓਵਰਆਲ ਤੀਜਾ ਸਥਾਨ ਦੀ ਟਰਾਫ਼ੀ ਨਾਲ ਪ੍ਰਿੰਸੀਪਲ ਜਤਿੰਦਰ ਸਿੰਘ ਗਿੱਲ, ਵਾਈਸ ਪ੍ਰਿੰਸੀਪਲ ਡਾ. ਹਰਜਸ ਕੌਰ, ਸਟਾਫ ਮੈਂਬਰ ਅਤੇ ਕਲਾਕਾਰ ਵਿਦਿਆਰਥੀ



ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਅੰਤਰ-ਜ਼ੋਨ ਕ੍ਰਿਕਟ ਖੇਡ ਮੁਕਾਬਲੇ ਦੀ ਜੇਤੂ ਟੀਮ ਪ੍ਰਿੰਸੀਪਲ ਜਤਿੰਦਰ ਸਿੰਘ ਗਿੱਲ, ਡਾ. ਹਰਜਸ ਕੌਰ, ਡਾ. ਸੁਖਜਿੰਦਰ ਕੌਰ, ਪ੍ਰੋ. ਮੀਨਾ ਕੁਮਾਰੀ, ਪ੍ਰੋ. ਹਰਜੀਤ ਸਿੰਘ, ਡਾ. ਹਰਮਨਦੀਪ ਕੌਰ ਅਤੇ ਕੋਚ ਅਵਨੀਪ ਸੈਣੀ



ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਅੰਤਰ ਕਾਲਜ ਮਾਰਸ਼ਲ ਆਰਟ (ਪੈਨਚਿੱਕ ਸਲਾਟ) ਖੇਡ ਮੁਕਾਬਲੇ ਵਿੱਚ ਓਵਰਆਲ ਦੂਜਾ ਸਥਾਨ ਪ੍ਰਾਪਤ ਕਰਨ ਵਾਲੀ ਟੀਮ ਪ੍ਰਿੰਸੀਪਲ ਜਤਿੰਦਰ ਸਿੰਘ ਗਿੱਲ, ਕਾਲਜ ਬਰਸਰ ਡਾ. ਦਲਵਿੰਦਰ ਸਿੰਘ ਅਤੇ ਪ੍ਰੋ. ਹਰਜੀਤ ਸਿੰਘ ਨਾਲ



ਖੇਡਾਂ ਵਤਨ ਪੰਜਾਬ ਦੀਆਂ, ਜ਼ਿਲ੍ਹਾ ਪੱਧਰੀ ਹੈਂਡਬਾਲ ਮੁਕਾਬਲੇ ਵਿੱਚ ਗੋਲਡ ਮੈਡਲ ਜੇਤੂ ਟੀਮ ਪ੍ਰਿੰਸੀਪਲ ਜਤਿੰਦਰ ਸਿੰਘ ਗਿੱਲ, ਪ੍ਰੋ. ਹਰਜੀਤ ਸਿੰਘ ਅਤੇ ਡਾ. ਅਨੂ ਸ਼ਰਮਾ ਨਾਲ।



ਖੇਡਾਂ ਵਤਨ ਪੰਜਾਬ ਦੀਆਂ, ਰਾਜ ਪੱਧਰੀ ਖੋ-ਖੋ ਖੇਡ ਮੁਕਾਬਲੇ ਵਿੱਚ ਤੀਜਾ ਸਥਾਨ ਪ੍ਰਾਪਤ ਟੀਮ ਪ੍ਰੋ. ਹਰਜੀਤ ਸਿੰਘ ਅਤੇ ਪ੍ਰਬੰਧਕਾਂ ਨਾਲ।

# ਕਾਲਜ ਦਾ ਮਾਣ



**ਅਰੁਣ ਕੁਮਾਰ**
(ਕਾਂਸੀ ਮੈਡਲ)
ਸੀਨੀਅਰ ਏਸ਼ੀਅਨ ਕਿੱਕ ਬਾਕਸਿੰਗ ਚੈਂਪੀਅਨਸ਼ਿਪ ਥਾਈਲੈਂਡ



**ਜੈਸਮੀਨ ਕੌਰ,**
(ਏਅਰ ਰਾਇਫਲ-ਸ਼ੂਟਿੰਗ)
ਇੰਡੀਆਂ ਕੈਂਪ ਲਈ ਚੋਣ



**ਵਿਨੋਦ ਕੁਮਾਰ**
(ਕਾਂਸੀ ਮੈਡਲ)
ਆਲ ਇੰਡੀਆਂ ਇੰਟਰ ਯੂਨੀਵਰਸਿਟੀ ਪੈਨਚਿੱਕ ਸਲਾਟ ਖੇਡ ਮੁਕਾਬਲਾ



**ਕਿਰਨਜੋਤ ਕੌਰ**
(ਕਾਂਸੀ ਮੈਡਲ)
51ਵੀਂ ਸੀਨੀਅਰ ਵੂਮੈਨ ਨੈਸ਼ਨਲ ਹੈਂਡਬਾਲ ਚੈਂਪੀਅਨਸ਼ਿਪ



**ਕਰਮਨਦੀਪ ਸਿੰਘ**
(ਸਿਲਵਰ ਮੈਡਲ)
ਨੌਰਥ ਜੋਨ ਇੰਟਰ ਯੂਨੀਵਰਸਿਟੀ ਚੈੱਸ ਖੇਡ ਮੁਕਾਬਲਾ



**ਸਾਹਿਬ ਸਿੰਘ**
(ਭੰਗੜਾ ਕਲਾਕਾਰ)
ਸ਼ਮੂਲੀਅਤ
ਨੌਰਥ ਇੰਟਰ ਯੂਨੀਵਰਸਿਟੀ ਯੂਥ ਫੈਸਟੀਵਲ



**ਅੰਜਲੀ**
(ਪ੍ਰਦਰਸ਼ਨੀ ਲੋਕ ਕਲਾਵਾਂ)
ਸ਼ਮੂਲੀਅਤ
ਪੰਜਾਬ ਰਾਜ ਅੰਤਰ ਯੂਨੀਵਰਸਿਟੀ ਯੂਥ ਫੈਸਟੀਵਲ



**ਹਰਮਨਪ੍ਰੀਤ ਕੌਰ**
(ਸੀਨੀਅਰ ਅੰਡਰ ਅਫ਼ਸਰ)
ਸ਼ਮੂਲੀਅਤ
ਗਣਤੰਤਰ ਦਿਵਸ ਪਰੇਡ ਨਵੀਂ ਦਿੱਲੀ



**ਪਰਵਿੰਦਰ ਸਿੰਘ**
(ਅੰਡਰ ਅਫ਼ਸਰ)
ਸ਼ਮੂਲੀਅਤ
ਗਣਤੰਤਰ ਦਿਵਸ ਪਰੇਡ ਨਵੀਂ ਦਿੱਲੀ



**ਸਿਮਰਨਜੀਤ ਸਿੰਘ**
(ਇਨੋਵੇਟਰ)
ਜੇਤੂ
ਇਨੋਵੇਸ਼ਨ ਮਿਸ਼ਨ ਪੰਜਾਬ



## ਯੂਨੀਵਰਸਿਟੀ ਪ੍ਰੀਖਿਆਵਾਂ ਵਿੱਚ ਸ਼ਾਨਦਾਰ ਪ੍ਰਾਪਤੀ ਕਰਨ ਵਾਲੇ ਵਿਦਿਆਰਥੀ

ਦਾਖ਼ਲਾ ਹੈਲਪ ਲਾਈਨ :

ਡਾ. ਨਿਰਮਲ ਸਿੰਘ ਬਰਾੜ - 9872854751
ਡਾ. ਦਲਵਿੰਦਰ ਸਿੰਘ - 9814801031